ਇੱਕੀਵੀਂ ਸਦੀ ਵਿਚ ਖਾਲਸੇ ਦਾ ਕਰਤੱਵ

ਹਰਨਾਮ ਸਿੰਘ ਸ਼ਾਨ*

ਖਾਲਸੇ ਦੇ ਸਾਜਨਹਾਰ, ਗੁਰੂ ਗੋਬਿੰਦ ਸਿੰਘ ਜੀ, ਦੀ ਸਮੁਚੇ ਸੰਸਾਰ ਨੂੰ ਆਮ ਤੌਰ ਤੇ, ਅਤੇ ਭਾਰਤਵਰਸ਼ ਤੇ ਖਾਲਸਾ ਪੰਥ ਨੂੰ ਖਾਸ ਤੌਰ ਤੇ ਬਖਸ਼ੀ ਇਕ ਬਹੁਤ ਵੱਡੀ ਦਾਤ ਉਹ ਮਾਨਸਕ ਤੇ ਸਰੀਰਕ ਦਸ਼ਾ ਹੈ ਜਿਸ ਨੂੰ "ਚੜ੍ਹਦੀ ਕਲਾ" ਦੀ ਸਪਿਰਿਟ ਆਖਿਆ ਜਾਂਦਾ ਹੈ। ਇਹ ਉਹ ਅਨੂਠੀ ਸਪਿਰਿਟ ਹੈ ਜਿਸ ਦੇ ਉਹ ਇਕ ਸਾਖਿਆਤ ਤੇ ਸਾਕਾਰ ਰੂਪ (embodiment) ਸਨ। ਇਹ ਉਹ ਅਦੁਤੀ ਭਾਵਨਾ ਹੈ ਜੋ ਉਨ੍ਹਾਂ ਨੇ ਆਪਣੇ ਪੰਜ ਪਿਆਰਿਆਂ, ਚਾਰ ਸਾਹਿਬਜਾਦਿਆਂ, ਚਾਲੀ ਮੁਕਤਿਆਂ ਅਤੇ ਸਭ ਗੁਰਸਿੱਖਾਂ ਤੇ ਸ਼ਹੀਦਾਂ-ਮੁਰੀਦਾਂ ਵਿਚ ਆਪਣੇ ਜੀਉਂਦੇ-ਜੀਅ ਆਪੇ ਸਮੋਅ ਦਿੱਤੀ ਸੀ। ਇਹ ਉਹ ਬੇਮਿਸਾਲ ਅਵਸਥਾ ਹੈ ਜਿਸ ਦੇ ਚਮਤਕਾਰਾਂ ਦਾ ਗਵਾਹ ਕੇਵਲ ਸਿੱਖਾਂ ਦਾ ਆਪੇ ਲਿਖਿਆ ਇਤਿਹਾਸ ਹੀ ਨਹੀਂ, ਉਨ੍ਹਾਂ ਗੈਰਸਿੱਖਾਂ ਦੀਆਂ ਇਤਿਹਾਸਕ ਲਿਖਤਾਂ ਵੀ ਹਨ ਜਿਨ੍ਹਾਂ ਨੂੰ ਇਨ੍ਹਾਂ ਵਿਚੋਂ ਕੁਝ ਕੁ ਅੱਖੀਂ ਵੇਖਣ ਤੇ ਬਿਆਨਣ ਦਾ ਅਵਸਰ ਵੀ ਪਰਾਪਤ ਹੁੰਦਾ ਰਿਹਾ ਹੈ।

ਇਹ ਅਨੂਠੀ ਤੇ ਅਦੁੱਤੀ ਸਪਿਰਿਟ ਬੜੇ ਬਿਖੜੇ ਤੇ ਘਾਤਕ ਹਾਲਾਤ ਵਿਚ ਵੀ, ਪਿਛਲੀਆਂ ਤਿੰਨ ਸਦੀਆਂ ਦੌਰਾਨ, ਕਿਸੇ-ਨਾ-ਕਿਸੇ ਰੂਪ ਵਿਚ ਖੂਬ ਪ੍ਰਜੱਵਲਤ ਰਹੀ ਹੈ। ਇਸ ਲਈ ਅਗਲੀ ਸਦੀ ਵੀ ਇਸ ਗੱਲ ਦੀ ਆਸ ਰਖਦੀ ਤੇ ਮੰਗ ਕਰਦੀ ਹੈ ਕਿ ਇਹ ਉਸ ਦੌਰਾਨ ਵੀ ਵਧੇਰੇ ਚਾਅ ਤੇ ਉਤਸ਼ਾਹ ਨਾਲ ਪ੍ਰਜੱਵਲਤ ਰਹਿੰਦਿਆਂ, ਮਨੁੱਖੀ ਹਿਰਦਿਆਂ ਨੂੰ ਉਵੇਂ ਹੀ ਰੁਸ਼ਨਾਉਂਦੀ, ਉਤਸ਼ਾਹੁੰਦੀ ਤੇ ਹੁਲਸਾਉਂਦੀ ਰਹੇ। ਸੋ ਇੱਕੀਵੀਂ ਸਦੀ ਵਿਚ ਖਾਲਸੇ ਦਾ ਇਕ ਮੁਖ ਕਰਤੱਵ, ਮੇਰੀ ਜਾਚੇ, ਇਸ ਸਪਿਰਿਟ ਨੂੰ ਨਾ ਕੇਵਲ ਆਪਣੇ ਆਪ ਵਿਚ ਹੀ ਭਰਵੇਂ ਤੌਰ ਤੇ ਸਿੰਚਰਨਾ ਤੇ ਧਾਰਨਾ ਹੈ, ਸਗੋਂ ਇਸ ਨੂੰ ਸਮੂਹ ਮਨੁੱਖ ਜਾਤੀ ਵਿਚ ਵੀ ਪਰਚਾਰਨ ਤੇ ਪਸਾਰਨ ਲਈ ਨਿਗਰ ਤੇ ਉਸਾਰੂ ਉਦਮ ਕਰਨ ਵਾਸਤੇ ਲੱਕ ਬੰਨ੍ਹ ਲੈਣਾ ਹੈ।

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ, ਵੀਹਵੀਂ ਸਦੀ ਦੀ ਅਜੋਕੀ ਅਸ਼ਾਂਤ ਤੇ ਘਾਤਕ ਸਥਿਤੀ, ਇਸ ਦੇ ਜੰਮਪਲਾਂ ਦੀ ਸੁਆਰਥੀ ਨੀਤੀ ਤੇ ਆਪ-ਮੁਹਾਰੀ ਰੁਚੀ, ਅਤੇ ਸਭਿਆਚਾਰਕ ਤੇ ਸਦਾਚਾਰਕ ਕੀਮਤਾਂ ਵਿਚ ਆਏ ਹੋਏ ਪਤਨ ਨੇ ਮਨੁੱਖ ਦੇ ਹਰ ਕਿਰਿਆ-ਖੇਤਰ ਨੂੰ ਗੰਧਾਲ ਤੇ ਭ੍ਰਿਸ਼ਟਾਅ ਦਿਤਾ ਜਾਪਦਾ ਹੈ। ਨਵੇਂ ਤੇ ਅਸਚਰਜ ਵਿਗਿਆਨਕ ਚਮਤਕਾਰਾਂ ਰਾਹੀਂ ਪਰਾਪਤ ਹੋਏ ਸੁਖਾਂ ਤੇ ਸਹੂਲਤਾਂ ਦੇ ਬਾਵਜੂਦ, ਨਿਰਾਸ਼ ਤੇ ਨਾਖੁਸ਼, ਡਰਿਆ ਤੇ ਸਹਿਮਿਆ ਹੋਇਆ ਆਮ ਮਨੁੱਖ ਨਿੱਘਰਦਾ ਤੇ ਢਹਿੰਦੀ ਕਲਾ ਵਿਚ ਵਿਚਰਦਾ ਪਰਤੀਤ ਹੋ ਰਿਹਾ ਹੈ। ਇੱਕੀਵੀਂ ਸਦੀ ਨੂੰ ਵੀਹਵੀਂ ਸਦੀ ਦੀ ਇਹ ਅਸ਼ਾਂਤੀ, ਭ੍ਰਿਸ਼ਟਤਾ, ਨਿਰਾਸਤਾ, ਢਹਿੰਦੀ ਕਲਾ, ਤੇ ਆਚਰਣਕ ਪਤਨ ਮਾਨੋ ਵਰਸੇ ਵਿਚ ਹੀ ਮਿਲੇਗਾ। ਇਸ ਦੀਆਂ ਅਜਿਹੀਆਂ ਦੂਸ਼ਤ ਸੁਗਾਤਾਂ ਦੇ ਨਾਲ ਨਾਲ, ਵੀਹਵੀਂ ਸਦੀ ਦੌਰਾਨ ਦੋ ਮਹਾਨ ਸੰਸਾਰ-ਯੁਧਾਂ ਨਾਲ ਸਬੰਧਿਤ ਭਿਆਨਕ ਘਟਨਾਵਾਂ, ਨੁਕਸਾਨਾਂ ਤੇ ਨਤੀਜਿਆਂ ਤੋਂ ਛੁਟ, ਤੀਜੇ ਵਿਰਾਟ ਯੁੱਧ ਲਈ ਹੋ ਰਹੀਆਂ ਤਿਆਰੀਆਂ ਤੇ ਤੌਖਲੇ ਅਤੇ ਸਰਬਨਾਸ਼ਕ ਬੰਬਾਂ ਦੀ ਹੋ ਰਹੀ ਪਰਖ ਤੇ ਡਰਾਵੇ ਆਦਿ ਵੀ ਇਸ ਵਿਰਸੇ ਵਿਚ ਸ਼ਾਮਲ ਹੋਣਗੇ।

* 605, ਸੈਕਟਰ 16, ਚੰਡੀਗੜ੍ਹ

ਜਦੋਂ ਅਜੋਕੀ, ਭਾਵ ਵੀਹਵੀਂ ਸਦੀ ਮੁੱਕਣ ਵਾਲੀ ਹੋਵੇਗੀ ਅਤੇ ਅਗਲੀ, ਭਾਵ ਇੱਕੀਵੀਂ, ਸਦੀ ਆਪਣਾ ਸਿਰ ਚੁਕ ਰਹੀ ਹੋਵੇਗੀ ਤਾਂ ਉਨ੍ਹਾਂ ਦੇ ਦੁਮੇਲ ਉਤੇ ਮਨੁੱਖਤਾ ਦੀ ਵੇਖਣ ਵਾਲੀ ਅੱਖ ਨੂੰ ਇਕ ਅਜਿਹੀ ਆਸ ਕਿਰਨ ਨਜ਼ਰ ਆਏਗੀ ਜੋ ਸਤਾਰ੍ਹਵੀਂ ਸਦੀ ਦੇ ਅਸਤ ਤੇ ਅਠਾਰ੍ਹਵੀਂ ਸਦੀ ਦੇ ਉਦੈ ਨਾਲ ਸਬੰਧਿਤ ਦਿਸਹੱਦੇ ਉਤੇ ਇਸ ਦੇ ਉਪਮਹਾਂਦੀਪ, ਹਿੰਦੁਸਤਾਨ, ਦੇ ਉੱਤਰ ਪੱਛਮੀ ਕੋਨੇ ਵਿਚ ਵਾਕਿਆ ਆਨੰਦਪੁਰ ਨਾਂ ਦੇ ਨਗਰ ਤੋਂ, ਅੱਜ ਤੋਂ ਤਿੰਨ ਸਦੀਆਂ ਪਹਿਲਾਂ, ਉਠਣੀ ਆਰੰਭ ਹੋਈ ਸੀ। ਉਦੋਂ , 1699 ਦੀ ਵਿਸਾਖੀ ਵਾਲੇ ਦਿਨ, ਮਨੁਖਤਾ ਦੇ ਇਕ ਮਹਾਨ ਉਸਰਈਏ ਅਤੇ ਇਸ ਦੇ ਹੱਕਾਂ-ਹਿਤਾਂ ਦੇ ਅਦੁੱਤੀ ਰੱਖਿਅਕ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਨੰਗੀ ਤਲਵਾਰ ਸੂਤ ਕੇ "ਮਾਨਸ ਕੀ ਜਾਤ" ਦੀ ਭਲਾਈ ਲਈ ਜੋ ਐਲਾਨ ਤੇ ਇਕਰਾਰ ਕੀਤਾ ਸੀ, ਉਸ ਨੇ ਇਸ ਲਈ ਜਿਥੇ ਨਵੀਆਂ ਨਰੋਈਆਂ ਹੋਣੀਆਂ ਨੂੰ ਲਿਸ਼ਕਾਅ ਦਿੱਤਾ ਸੀ, ਉਥੇ ਇਕ ਅਜਿਹੀ ਸਪਿਰਿਟ ਤੇ ਸਰੂਪ ਨੂੰ ਵੀ ਜਨਮ ਦੇ ਦਿੱਤਾ ਸੀ, ਅਤੇ ਇਕ ਅਜਿਹਾ ਆਚਰਨ ਤੇ ਅਨੁਸ਼ਾਸਨ ਵੀ ਸਿਖਾ ਦਿੱਤਾ ਸੀ ਜੋ ਕੇਵਲ ਉਸ ਸਮੇਂ ਤੇ ਸਥਿਤੀ ਦਾ ਹੀ ਨਹੀਂ, ਹਰ ਸਮੇਂ ਤੇ ਸਥਿਤੀ ਦਾ ਵੀ ਉਨੇ ਹੀ ਹਾਣ ਦਾ ਸੀ, ਹੈ ਅਤੇ ਹੁੰਦਾ ਰਹੇਗਾ।

2

ਉਸ ਨਿਆਰੇ ਸਰੂਪ ਤੇ ਸਪਿਰਿਟ ਦੇ ਜਨਮਦਾਤਾ ਅਤੇ ਉਸ ਆਚਰਨ ਤੇ ਅਨੁਸ਼ਾਸਨ ਦੇ ਸਿਖਿਆਦਾਤਾ, ਗੁਰੂ ਗੋਬਿੰਦ ਸਿੰਘ ਜੀ, ਖੁਦ ਆਪ ਇਕ ਬਹੁਪੱਖੀ ਸ਼ਖਸੀਅਤ ਦੇ ਮਾਲਕ ਅਤੇ ਬਹੁਭਾਂਤੀ ਗੁਣਾਂ ਦਾ ਖਜ਼ਾਨਾ ਸਨ। ਮਨੁੱਖੀ ਜਾਮੇ ਵਿਚ ਕੁਦਰਤ ਦੀਆਂ ਜਿੰਨੀਆਂ ਤੇ ਜਿਹੜੀਆਂ ਅਪੂਰਬ ਬਖਸ਼ਸ਼ਾਂ ਉਨ੍ਹਾਂ ਨੂੰ ਪ੍ਰਾਪਤ ਹੋਈਆਂ ਸਨ, ਉਨੀਆਂ ਤੇ ਉਜਿਹੀਆਂ ਸ਼ਾਇਦ ਹੀ ਕਿਸੇ ਹੋਰ ਵਿਅਕਤੀ ਨੂੰ ਨਸੀਬ ਹੋਈਆਂ ਹੋਣ। ਤੇ ਫਿਰ ਜਿਸ ਸਿਆਣਪ, ਪਰਉਪਕਾਰ ਤੇ ਖੁਲ੍ਹਦਿਲੀ ਨਾਲ ਉਨ੍ਹਾਂ ਨੇ ਇਨ੍ਹਾਂ ਬਖਸ਼ਸ਼ਾਂ ਨੂੰ ਆਮ ਮਨੁੱਖਾਂ ਵਿਚ ਵੰਡਿਆ ਅਤੇ ਉਨ੍ਹਾਂ ਲਈ ਹੀ ਵਰਤਿਆ ਸੀ, ਉਸ ਦਾ ਸੁਭਾਗ ਵੀ ਕਿਸੇ ਵਿਰਲੇ ਨੂੰ ਹੀ ਪਰਾਪਤ ਹੋਇਆ ਹੋਵੇਗਾ।

ਇਹ ਇਸ ਲਈ ਵੀ ਕਿ ਗੁਰੂ ਗੋਬਿੰਦ ਸਿੰਘ ਖੁਦ ਆਪ ਵੀ ਕੁਝ ਇਸੇ ਤਰ੍ਹਾਂ ਦੇ ਅਸ਼ਾਂਤ ਸਮੇਂ ਤੇ ਘਾਤਕ ਸਥਿਤੀ ਵਿਚ ਜੰਮੇ-ਪਲੇ ਤੇ ਪਰਵਾਨ ਚੜ੍ਹੇ ਸਨ। ਅਤੇ ਉਹ ਇਸੇ ਨਾਲ ਦਹਾਕਿਆਂ- ਬੱਧੀ ਭਰਵੀ ਤੇ ਬਹੁਪੱਖੀ ਟੱਕਰ ਲੈਂਦਿਆਂ, 42 ਵਰ੍ਹਿਆਂ ਦੀ ਅਲਪ ਅਵਸਥਾ ਵਿਚ ਹੀ ਧਰਮ, ਕੌਮ ਤੇ ਮਨੁੱਖਤਾ ਦੀ ਦਰਵੱਟੜੀ ਉਤੇ, ਸਹਿਤ ਪਰਵਾਰ, ਨਿਛਾਵਰ ਵੀ ਹੋ ਗਏ ਸਨ।

ਇਸ ਸੰਖੇਪ ਜਹੀ ਜੀਵਨ-ਯਾਤਰਾ ਦੌਰਾਨ, ਜਿੰਨੀਆਂ ਤੇ ਜਿਸ ਤਰ੍ਹਾਂ ਦੀਆਂ ਚੁਣੌਤੀਆਂ ਤੇ ਸਮੱਸਿਆਵਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਪੇਸ਼ ਆਈਆਂ ਸਨ, ਉਨੀਆਂ ਤੇ ਉਜਿਹੀਆਂ ਇੰਨੇ ਥੋੜ੍ਹੇ ਜਹੇ ਜੀਵਨ-ਕਾਲ ਵਿਚ ਸ਼ਾਇਦ ਹੀ ਕਿਸੇ ਹੋਰ ਮਨੁੱਖ ਦੇ ਹਿੱਸੇ ਆਈਆਂ ਹੋਣ। ਫਿਰ ਜਿਸ ਸਬਰ, ਸੁਚੱਜ ਤੇ ਸੂਰਬੀਰਤਾ ਨਾਲ ਆਪ ਨੇ, ਬੜੀ ਬੇਬਸ ਤੇ ਬੇਸਰੋਸਾਮਾਨ ਹਾਲਤ ਵਿਚ ਵੀ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ ਸੀ ਅਤੇ "ਫਤਿਹ" ਪਰਾਪਤ ਕੀਤੀ ਸੀ, ਉਸ ਦਾ ਵੀ ਓਨਾ ਤੇ ਉਜਿਹਾ ਮਾਣ ਸ਼ਾਇਦ ਹੀ ਕਿਸੇ ਹੋਰ ਇਨਸਾਨ ਨੂੰ ਨਸੀਬ ਹੋਇਆ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸ "ਫਤਿਹ" ਨੂੰ ਹਮੇਸ਼ਾ "ਵਾਹਿਗੁਰੂ ਜੀ ਕੀ ਫਤਿਹ" ਆਖਿਆ ਤੇ ਮੰਨਿਆ ਸੀ।

ਉਸ ਵਾਹਿਗੁਰੂ ਦੀ ਹੋਂਦ ਵਿਚ ਅਟੱਲ ਵਿਸ਼ਵਾਸ ਅਤੇ ਉਸ ਦੀ ਅਪਾਰ ਸ਼ਕਤੀ ਤੇ ਸਹਾਇਤਾ ਉਤੇ ਪੂਰਨ ਭਰੋਸਾ ਹੀ ਉਨ੍ਹਾਂ ਦੀ ਹਰ ਕਥਨੀ ਤੇ ਕਰਨੀ ਦਾ ਇਕੋ-ਇਕ ਪਰੇਰਨਾ-ਸਰੋਤ ਅਤੇ ਪ੍ਰਮੁੱਖ ਸੰਚਾਲਕ ਸ਼ਕਤੀ (Motivating force) ਸੀ। ਇਸੇ ਸਦਕੇ ਉਹ ਦ੍ਰਿੜ੍ਹ ਨਿਸਚੇ, ਨਿਰਭੈਤਾ ਤੇ ਚੜ੍ਹਦੀ ਕਲਾ ਦੇ ਪੁੰਜ ਬਣ ਉਭਰੇ ਸਨ; ਇਸੇ ਸਦਕੇ ਉਹ ਸਿਖਰੀ ਸਵੈ-ਮਾਨ, ਸਵੈਵਿਸ਼ਵਾਸ ਤੇ ਸਵੈ-ਸਮਰਪਨ ਦੇ ਇਕ ਮਹਾਨ ਮੁਜੱਸਮੇ ਬਣ ਵਿਚਰੇ ਸਨ। ਅਜਿਹੀ ਅਨੁਪਮ ਸ਼ਖਸੀਅਤ ਦਾ ਜੀਵਨ-ਆਦਰਸ਼ ਤੇ ਸੰਘਰਸ਼, ਉਸ ਦੀ ਅਨੂਠੀ ਸਪਿਰਿਟ ਤੇ ਸੰਦੇਸ਼, ਇਸੇ ਲਈ ਨਾ ਕੇਵਲ ਉਸ ਦੇ ਆਪਣੇ ਸਮੇਂ ਤੇ ਸਥਿਤੀ ਲਈ ਹੀ ਕਾਰਗਰ ਸਿਧ ਹੋਇਆ ਸੀ, ਸਗੋਂ ਆਉਂਦੀਆਂ ਸਦੀਆਂ ਲਈ ਵੀ ਇਕ ਕਾਮਯਾਬ ਗਾਡੀ-ਰਾਹ ਬਣਿਆ ਸੀ ਅਤੇ ਹਮੇਸ਼ਾ ਬਣਿਆ ਰਹੇਗਾ। ਤਦੇ ਤਾਂ ਪਹਿਲੇ ਸੰਸਾਰ-ਯੁੱਧ ਦੇ ਆਰੰਭ ਤੋਂ ਕੁਝ ਚਿਰ ਪਹਿਲਾਂ, ਇਕ ਵਿਦਵਾਨ ਅੰਗਰੇਜੀ ਲੇਖਕਾ, ਡੋਰਥੀ ਫੀਲਡ, ਨੇ ਲਿਖਿਆ

ਸੀ : That it should have transformed the outcaste Indian into a fine and loyal warrior, is little short of a miracle.[1] ਅਰਥਾਤ, "ਇਸ ਨੇ ਸਮਾਜ ਵਲੋਂ ਛੇਕੇ ਹੋਏ ਅਛੂਤ ਹਿੰਦੁਸਤਾਨੀ ਦੀ ਕਾਇਆ-ਕਲਪ ਕਰ ਕੇ ਜਿਵੇਂ ਉਸ ਨੂੰ ਇਕ ਵਧੀਆ ਤੇ ਵਫਾਦਾਰ ਯੋਧਾ ਬਣਾ ਦਿਤਾ ਸੀ, ਉਹ ਕਿਸੇ ਕ੍ਰਿਸ਼ਮੇ ਤੋਂ ਮਸਾਂ ਹੀ ਕੁਝ ਘਟ ਹੈ।" ਇਹ ਸੰਘਰਸ਼ ਤੇ ਸੰਦੇਸ਼ ਅਜੋਕੀ, ਭਾਵ ਵੀਹਵੀਂ, ਸਦੀ ਵਿਚ ਵੀ ਇਸ ਹੱਦ ਤਕ ਸਫਲ ਤੇ ਪ੍ਰਾਸੰਗਕ (relevant) ਸਾਬਤ ਹੋਇਆ ਹੈ ਕਿ ਇਸ ਉਪਮਹਾਂਦੀਪ, ਹਿੰਦੁਸਤਾਨ, ਦੀ ਸੁਤੰਤਰਤਾ ਲਈ ਇਸ ਦੌਰਾਨ ਲੜੀ ਗਈ ਲੜਾਈ ਦੇ ਇਕ ਪ੍ਰਮੁਖ ਨੇਤਾ, ਮਹਾਤਮਾ ਗਾਂਧੀ, ਨੇ ਉਸ ਨੂੰ ਉਦੋਕੇ ਰਾਸ਼ਟਰੀ ਸੰਗਰਾਮ ਲਈ ਆਦਰਸ਼ਕ ਤੇ ਪਰਭਾਵਸ਼ਾਲੀ ਮਾਡਲ ਮੰਨਦਿਆਂ ਦਸਿਆ ਸੀ : The activities of Guru Gobind Singh were more similar to, and had a closer resemblence with the present national struggle than the work of any other great Indian of the former times.[2] ਅਰਥਾਤ, "ਗੁਰੂ ਗੋਬਿੰਦ ਸਿੰਘ ਜੀ ਦੀਆਂ ਸਰਗਰਮੀਆਂ ਵਰਤਮਾਨ ਰਾਸ਼ਟਰੀ ਸੰਘਰਸ਼ ਨਾਲ, ਪਿਛਲੇ ਸਮਿਆਂ ਦੇ ਕਿਸੇ ਵੀ ਮਹਾਨ ਹਿੰਦੁਸਤਾਨੀ ਦੇ ਕੰਮ-ਕਾਜ ਨਾਲੋਂ, tਧੇਰੇ ਮਿਲਦੀਆਂ - ਜੁਲਦੀਆਂ ਸਨ ਅਤੇ ਇਸ ਦੇ ਵਧੇਰੇ ਸਮਰੂਪ ਸਨ।" ਗੁਰੂ ਗੋਬਿੰਦ ਸਿੰਘ ਜੀ ਦੀ ਬੀਰ-ਗਾਥਾ, ਘਾਲ-ਕਮਾਈ ਤੇ ਦਿੱਤ-ਦੇਣ ਨੂੰ ਜਾਣਨ ਤੇ ਸਨਮਾਨਣ ਵਾਲੇ ਲੋਕਾਂ ਦਾ ਨਿਸਚਾ ਹੈ ਕਿ ਉਨ੍ਹਾਂ ਦਾ ਸੰਘਰਸ਼ ਤੇ ਸੰਦੇਸ਼ ਇੱਕੀਵੀਂ ਸਦੀ ਦੇ ਕੇਵਲ ਹਿੰਦੁਸਤਾਨ ਵਿਚ ਹੀ ਰਹਿ-ਬਹਿ ਰਹੇ ਮਨੁੱਖ ਲਈ ਹੀ ਨਹੀਂ, ਸਗੋਂ ਸਮੂਹ ਮਨੁੱਖ-ਜਾਤੀ ਲਈ ਵੀ ਉਵੇਂ ਹੀ ਕਾਰਗਰ ਤੇ ਪ੍ਰਾਸੰਗਕ ਹੋਵੇਗਾ; ਅਤੇ ਇਸ ਦੀ ਸਹੀ ਜਾਣਕਾਰੀ ਅਤੇ ਇਸ ਉਤੇ ਨਿਸਚੇ ਤੇ ਇਮਾਨਦਾਰੀ ਨਾਲ ਕੀਤਾ ਗਿਆ ਅਮਲ ਉਸ ਨੂੰ ਦਰਪੇਸ਼ ਚੁਣੌਤੀਆਂ ਨਾਲ ਟੱਕਰ ਲੈਂਦਿਆਂ, ਚੜ੍ਹਦੀ ਕਲਾ ਵਿਚ ਵਿਚਰਨ, ਸੁੱਖ ਦਾ ਸਾਹ ਮਾਣਨ ਅਤੇ ਉਨ੍ਹਾਂ ਉਤੇ ਫਤਿਹ ਪਰਾਪਤ ਕਰਨ ਲਈ ਬੜਾ ਹੀ ਸਹਾਈ, ਪਰੇਰਨਾਜਨਕ ਤੇ ਗੁਣਕਾਰੀ ਸਿਧ ਹੋਵੇਗਾ।

ਇਹ ਇਸ ਕਰਕੇ ਵੀ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਉਕਤ ਸੰਦੇਸ਼, ਉਨ੍ਹਾਂ ਦੀ ਪਾਵਨ ਸਰਬਪੱਖੀ ਸ਼ਖਸੀਅਤ ਤੇ ਸੰਘਰਸ਼ ਵਾਂਗ ਹੀ ਬਹੁਪੱਖੀ ਤੇ ਬੇਮਿਸਾਲ ਹੈ। ਉਹ ਆਪ ਜਿਥੇ ਸ਼ਾਂਤੀ ਤੇ ਸਚਾਈ, ਅਤੇ ਨੇਕੀ ਤੇ ਭਗਤੀ ਦੀ ਸਾਖਿਆਤ ਮੂਰਤ ਸਨ, ਉਥੇ ਅਣਖ ਤੇ ਸ਼ਕਤੀ ਦੇ ਸੋਮੇ, ਕਥਨੀ ਤੇ ਕਰਨੀ ਦੇ ਸੂਰੇ, ਅਤੇ ਕਲਮ ਤੇ ਤਲਵਾਰ ਦੇ ਧਨੀ ਵੀ ਸਨ। "ਦੇਗ-ਤੇਗ-ਫਤਿਹ" ਉਨ੍ਹਾਂ ਦਾ ਨਾਅਰਾ ਅਤੇ "ਸਤਿ ਸ੍ਰੀ ਅਕਾਲ" ਜੈਕਾਰਾ ਸੀ।

3

ਜਿਥੋਂ ਤਕ ਉਸ ਨਿਆਰੀ ਤੇ ਨਿਰਭੈ ਸਪਿਰਿਟ, ਭਾਵ "ਚੜ੍ਹਦੀ ਕਲਾ", ਦਾ ਸਬੰਧ ਹੈ ਜੋ ਉਨ੍ਹਾਂ ਨੇ, ਡੋਰਥੀ ਦੇ ਉਪਰੋਕਤ ਕਥਨ ਅਨੁਸਾਰ, ਸਮਾਜ ਤੋਂ ਛੇਕੇ ਤੇ ਧਿਕਾਰੇ ਹੋਏ ਮਨੁੱਖਾਂ ਵਿਚ ਵੀ ਭਰ ਕੇ, ਉਨ੍ਹਾਂ ਨੂੰ ਵਧੀਆ ਤੇ ਜਾਂ-ਨਿਸਾਰ ਯੋਧੇ ਬਣਾ ਦਿਤਾ ਸੀ, ਉਸ ਦੇ ਤਾਂ ਉਹ ਆਪ ਸਾਕਾਰ ਸਰੂਪ ਸਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਉਨ੍ਹਾਂ ਦਾ ਸਾਰਾ ਜੀਵਨ, ਉਨ੍ਹਾਂ ਦੀ ਹਰ ਗੱਲ, ਹਰ ਘਟਨਾ, ਹਰ ਕਿਰਿਆ ਤੇ ਹਰ ਕਰਤੱਵ ਹੀ ਉਸ ਉੱਤਮ ਤੇ ਉੱਚਤਮ ਦਰਜੇ ਦੀ "ਚੜ੍ਹਦੀ ਕਲਾ" ਦੀ ਹੀ ਸਾਖਿਆਤ ਮੂਰਤ ਸੀ।

ਇੱਕੀਵੀਂ ਸਦੀ ਦੀ ਮਨੁੱਖਤਾ ਨੂੰ ਦਰਪੇਸ਼ ਉਕਤ ਚੁਣੌਤੀਆਂ ਨਾਲ ਟਾਕਰਾ ਕਰਨ ਲਈ; ਅਤੇ ਅਜੋਕੀ ਨਿਰਾਸਤਾ ਤੇ ਢਹਿੰਦੀ ਕਲਾ ਵਾਲੀ ਸਪਿਰਿਟ ਤੋਂ ਖਹਿੜਾ ਛੁਡਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਉਸ "ਚੜ੍ਹਦੀ ਕਲਾ" ਵਾਲੀ ਸਪਿਰਿਟ ਨੂੰ ਵਿਚਾਰਨਾ ਤੇ ਧਾਰਨਾ, ਪਰਚਾਰਨਾ ਤੇ ਪਰਸਾਰਨਾ ਜਰੂਰੀ ਹੋਵੇਗਾ ਜੋ ਉਨ੍ਹਾਂ ਨੇ ਆਪਣੇ ਜੀਵਨ-ਸੰਘਰਸ਼ ਦੌਰਾਨ ਆਪਣੇ ਆਪ ਉਤੇ ਜੀਵਨ ਭਰ ਘਟਾਈ ਤੇ ਹੰਢਾਈ ਸੀ, ਅਤੇ ਜੋ ਉਨ੍ਹਾਂ ਦੇ ਉਸਾਰੂ, ਆਸ਼ਾਵਾਦੀ ਤੇ ਕਲਿਆਣਕਾਰੀ ਸੰਦੇਸ਼ ਦੀ ਮੁਖ ਸੁਰ ਹੈ।

ਇਤਿਹਾਸ ਇਸ ਤੱਥ ਦਾ ਵੀ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ, ਸੰਨ 1666 ਵਿਚ, ਉਦੋਂ ਹੋਇਆ ਸੀ ਜਦੋਂ ਉਨ੍ਹਾਂ ਦੀ ਪੂਜਯ ਜਨਨੀ, ਮਾਤਾ ਗੁਜਰੀ ਜੀ, ਆਪਣੇ ਘਰ-ਪਰਵਾਰ, ਆਨੰਦਪੁਰ ਸਾਹਿਬ, ਤੋਂ ਸੈਂਕੜੇ ਮੀਲ ਦੂਰ ਪਟਨਾ ਵਿਖੇ ਬਿਰਾਜੇ ਹੋਏ ਸਨ; ਅਤੇ ਉਨ੍ਹਾਂ ਦੇ ਪਾਵਨ ਪਿਤਾ, ਗੁਰੂ ਤੇਗ ਬਹਾਦਰ ਜੀ ਉਨ੍ਹਾਂ ਤੋਂ

ਵੀ ਹੋਰ ਸੈਂਕੜੇ ਮੀਲ ਪਰੇ, ਪੂਰਬੀ ਹਿੰਦ ਦੀ ਲੋਕ-ਉਧਾਰ ਯਾਤਰਾ ਦੇ ਸਬੰਧ ਵਿਚ ਅਜੋਕੇ ਬੰਗਲਾ-ਦੇਸ਼ ਵਿਚ ਵਿਚਰ ਰਹੇ ਸਨ।

ਇਸ ਸੁਭਾਗੇ ਪੁੱਤਰ ਨੂੰ ਆਪਣੇ ਗੁਰੂ ਪਿਤਾ ਦਾ ਮੂੰਹ ਕਿਤੇ ਪੰਜ ਵਰ੍ਹਿਆਂ ਬਾਅਦ ਵੇਖਣਾ ਨਸੀਬ ਹੋਇਆ ਸੀ ਤੇ ਉਹ ਵੀ ਬੜੇ ਥੋੜ੍ਹੇ ਜਹੇ ਸਮੇਂ ਲਈ। ਮਾਪਿਆਂ ਦੀ ਪਵਿੱਤਰ ਧਰਤੀ ਉਤੇ ਪੈਰ ਧਰਦਿਆਂ ਹੀ, ਸਮੇਂ ਦੀ ਪੁਕਾਰ ਨੇ ਬਾਲ-ਵਰ੍ਹੇਸ ਵਿਚ ਵਿਚਰਦੇ ਪੁੱਤਰ ਨੂੰ ਆਪਣੇ ਪਿਤਾ ਦੀ ਬਲੀ ਦੇਣ ਲਈ ਇਕ ਬੜੀ ਅਲੌਕਿਕ ਵੰਗਾਰ ਪਾਈ ਸੀ। ਇਹ ਉਹ ਸਮਾਂ ਸੀ ਜਦੋਂ ਮੁਗਲਈ ਤੁਅੱਸਬ ਤੇ ਔਰੰਗਜੇਬੀ ਜਬਰ ਤੋਂ ਆਪਣੇ ਧਰਮ ਤੇ ਸਭਿਅਤਾ ਦੀ ਰਖਿਆ ਲਈ ਤਰਲੇ ਲੈਂਦੇ ਅਤੇ ਕੋਈ ਟੇਕ-ਤਕੀਆ ਟੋਲਦੇ ਨਿਰਾਸ ਹੋ ਚੁਕੇ ਬ੍ਰਾਹਮਣ ਆਗੂ ਅਖੀਰ ਆਨੰਦਪੁਰ ਵਿਖੇ ਤੇਗ ਬਹਾਦਰ ਜੀ ਦੇ ਦਰਬਾਰ ਹਾਜਰ ਹੋਏ ਸਨ। ਉਨ੍ਹਾਂ ਦੇ ਦੁੱਖਾਂ-ਦਰਦਾਂ ਦੀ ਕਹਾਣੀ ਸੁਣ ਕੇ ਪਿਤਾ ਨੇ ਆਪਣੇ ਲਾਡਲੇ ਦੀ ਉਤਸੁਕ-ਪੁੱਛ ਦਾ ਜੁਆਬ ਦੇਂਦਿਆਂ ਬੜੇ ਹਿੱਤ ਤੇ ਹੌਸਲੇ ਨਾਲ ਫੁਰਮਾਇਆ ਸੀ :

"ਧਰਮ-ਕਰਮ ਤੇ ਅੰਤਹਕਰਣ ਦੀ ਅਜਾਦੀ, ਸਭਿਅਤਾ ਤੇ ਸਭਿਆਚਾਰ ਦੀ ਕਾਇਮੀ, ਅਤੇ ਕੌਮੀ ਤੇ ਮਨੁੱਖੀ ਅਣਖ ਦੀ ਬਰਕਰਾਰੀ... ਇਕ ਪਵਿੱਤਰ ਤੇ ਪਰਉਪਕਾਰੀ ਆਤਮਾ ਦੀ ਬਲੀ ਮੰਗਦੀ ਹੈ। "

ਨੌਂ ਵਰ੍ਹਿਆਂ ਦੇ ਬਾਲ, ਗੋਬਿੰਦ ਜੀ, ਨੇ ਆਖਰਾਂ ਦੇ ਹਠ ਤੇ "ਚੜ੍ਹਦੀ ਕਲਾ" ਦਾ ਸਬੂਤ ਦੇਂਦਿਆਂ, ਉਸੇ ਦਮ ਨਿਝੱਕ ਹੋ ਕੇ ਬੜੇ ਮਾਣ ਤੇ ਭਰੋਸੇ ਨਾਲ ਆਖਿਆ ਸੀ :

"ਇਸ ਵੇਲੇ, ਅਜਿਹੇ ਘੋਰ ਸੰਕਟ ਸਮੇਂ, ਆਪ ਜੀ ਤੋਂ ਵਧੇਰੇ ਪਵਿੱਤਰ ਤੇ ਪਰਉਪਕਾਰੀ ਮਨੁੱਖ ਹੋਰ ਕੌਣ ਹੈ ? ਜੇ ਧਰਮ-ਕਰਮ ਦੀ ਆਜਾਦੀ ਆਪ ਦੀ ਕੁਰਬਾਨੀ ਨਾਲ ਹੀ ਬਰਕਰਾਰ ਰਹਿ ਸਕਦੀ ਹੈ ਤਾਂ ਫਿਰ ...।"

ਮਹਾਨ ਗੁਰੂ-ਪਿਤਾ ਨੂੰ ਆਪਣੇ ਹੋਣਹਾਰ ਬੱਚੇ ਦੇ ਮੂਹੋਂ ਅਜਿਹੇ ਨਿਰਭੈ ਤੇ ਉਭਾਰੂ ਵਾਕ ਸੁਣਦਿਆਂ ਹੀ, "ਮਾਨਸ ਕੀ ਜਾਤ" ਤੇ ਧਰਮ-ਕਰਮ ਦੀ ਕਿਸਮਤ ਬਦਲਦੀ ਅਤੇ ਚੜ੍ਹਦੀ ਕਲਾ ਧਾਰਦੀ ਨਜ਼ਰ ਆ ਗਈ ਸੀ।

ਬਸ, ਫਿਰ ਕਿਹੜੀ ਸੋਚ ਤੇ ਕਾਹਦੀ ਢਿੱਲ ਸੀ ? ਮਨੁੱਖਤਾ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ "ਮਕਤੂਲ" ਆਪ ਆਪਣੇ "ਕਾਤਲ" ਵਲ "ਕਤਲ" ਹੋਣ ਲਈ ਉਸ ਦੀ "ਕਤਲਗਾਹ" ਵੱਲ ਤੁਰ ਪਿਆ ਸੀ। ਉਨ੍ਹਾਂ ਨੂੰ ਇਸ ਗੱਲ ਦਾ ਨਿਸਚਾ ਹੋ ਗਿਆ ਸੀ ਕਿ ਜੇ ਉਹ ਦਿੱਲੀ ਪਹੁੰਚ ਕੇ, ਔਰੰਗਜੇਬ ਦੇ ਜਬਰ ਦਾ ਸ਼ਿਕਾਰ ਹੋ ਗਏ ਤਾਂ ਬਾਲ-ਗੋਬਿੰਦ ਜੀ ਦੀ ਮੌਜੂਦਗੀ ਇਸ ਗੱਲ ਦੀ ਗਾਰੰਟੀ ਹੈ ਕੀ ਹੁਣ ਧਰਮ ਤੇ ਧਰਮੀਆਂ ਦੀ ਹੀ ਜੈ ਹੋਵੇਗੀ; ਅਤੇ ਗੁਲਾਮੀ ਦੀਆਂ ਜੰਜ਼ੀਰਾਂ ਉਨ੍ਹਾਂ ਦੀ ਹਿੰਮਤ ਤੇ ਚੜ੍ਹਦੀ ਕਲਾ ਭਰਪੂਰ ਅਗਵਾਈ ਹੇਠ ਛੇਤੀ ਹੀ ਟੁੱਟ ਜਾਣਗੀਆਂ। ਅਤੇ ਫੇਰ ਮਾਨਵ-ਇਤਿਹਾਸ ਦੇ ਸਫਿਆਂ ਉਤੇ ਕਲਜੁਗ ਦੇ ਇਕ ਭਾਰੀ ਤੇ ਬੇਮਿਸਾਲ ਕਾਰਨਾਮੇ ਦੀ ਅਜੇਹੀ ਦਾਸਤਾਨ ਲਿਖੀ ਗਈ ਸੀ ਜੋ ਸਿਦਕ, ਦਲੇਰੀ ਤੇ "ਚੜ੍ਹਦੀ ਕਲਾ" ਦਾ ਹੀ ਡਟਵਾਂ ਐਲਾਨ ਸੀ :

ਧਰਮ ਹੇਤ ਸਾਕਾ ਜਿਨਿ ਕੀਆ,
ਸੀਸ ਦੀਆ ਪਰੁ ਸਿਰਰੁ ਨ ਦੀਆ।[3]

ਉਹ "ਧਰਮ-ਹੇਤ ਸਾਕਾ" 11 ਨਵੰਬਰ 1675 ਈਸਵੀ ਨੂੰ ਉਨ੍ਹਾਂ ਦੇ "ਕਤਲ" ਦਾ ਹੁਕਮ ਦੇਣ ਵਾਲੇ ਮੁਗਲ ਸ਼ਹਿਨਸ਼ਾਹ, ਔਰੰਗਜੇਬ ਦੀ ਰਾਜਧਾਨੀ, ਦਿੱਲੀ ਵਿਖੇ ਵਾਪਰਿਆ ਸੀ। ਉਸ ਨੇ ਮਗਰੋਂ ਤਾਂ ਭਾਵੇਂ ਸਦੀਆਂ ਤੋਂ ਠੰਡੇ ਪੈ ਚੁਕੇ ਖੂਨ ਨੂੰ ਗਰਮਾਅ ਦਿੱਤਾ ਸੀ ਅਤੇ ਇਕ ਅਜਿਹੀ ਅਨ੍ਹੇਰੀ ਝੁਲਾ ਦਿੱਤੀ ਸੀ ਜਿਸ ਨੇ ਮੁਗਲ ਰਾਜ ਦੀਆਂ ਜੜਾਂ ਤਕ ਉਖੇੜ ਦਿੱਤੀਆਂ ਸਨ ; ਪਰ ਉਦੋਂ ਜਦੋਂ ਇਹ ਵਾਪਰਿਆ ਸੀ, ਤਾਂ ਚਾਰੇ ਪਾਸੇ ਗੰਭੀਰ ਜਹੀ ਦਹਿਸ਼ਤ ਫੈਲ ਗਈ ਸੀ, ਮੁਰਦਿਹਾਨ ਜਹੀ ਛਾ ਗਈ ਸੀ ਜੋ ਕਾਫੀ ਹੱਦ ਤਕ ਸੁਭਾਵਿਕ ਵੀ ਸੀ। ਨੌਂਵੇਂ ਪਾਤਸ਼ਾਹ ਦੇ ਜੀਉਂਦੇ-ਜੀਅ, ਉਨ੍ਹਾਂ ਦੀਆਂ ਅੱਖਾਂ ਸਾਹਵੇਂ, ਉਨ੍ਹਾਂ ਦੇ ਤਿੰਨ ਪ੍ਰਮੁਖ ਸਿਦਕੀ ਸਿੱਖਾਂ ਨੂੰ ਜਿਸ ਬੇਦਰਦੀ ਨਾਲ "ਕਤਲ" ਕੀਤਾ ਗਿਆ ਸੀ ਅਤੇ ਜੋ ਕੁਝ ..... ਸਤਿਗੁਰੂ ਜੀ ਦੇ ਆਪਣੇ ਸਿਰ ਦਿਨ-ਦਿਹਾੜੇ, ਸਰੇ-ਬਜਾਰ, ਚਾਂਦਨੀ ਚੌਕ ਵਿਖੇ ਵਾਪਰਿਆ ਸੀ, ਉਸ ਨੇ ਸਦੀਆਂ ਦੀ ਗੁਲਾਮੀ ਤੇ ਮੁਥਾਜੀ ਦੇ ਭਾਰ ਹੇਠ ਦਬੇ ਹੋਏ ਲੋਕਾਂ ਨੂੰ ਠਠੰਬਰਾ ਦਿੱਤਾ ਸੀ, ਸਾਹ -ਸਤ-ਹੀਨ ਕਰ ਦਿੱਤਾ ਸੀ। ਐਨ ਅਜਿਹੇ ਬਿਖੜੇ, ਦੁਖਾਵੇਂ ਤੇ ਸਾਹ-ਸਤ-ਹੀਣ ਹਾਲਤ ਵਿਚ ਲਗਪਗ ਨੌਂ ਵਰ੍ਹੇ ਦੇ ਬਾਲ ਗੋਬਿੰਦ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਪਾਵਨ ਗੱਦੀ ਅਤੇ ਉਸ ਦੀ ਮਹਾਨ ਜ਼ਿੰਮੇਵਾਰੀ ਸੰਭਾਲਣੀ ਪਈ ਸੀ। ਉਨ੍ਹਾਂ ਦੀ ਉਮਰ ਉਦੋਂ ਬਾਲਾਂ ਜਿੰਨੀ ਨਿੱਕੀ ਪਰ ਜ਼ਿੰਮੇਵਾਰੀ ਪਹਾੜਾਂ ਜਿੰਨੀ ਵੱਡੀ

ਸੀ। ਮੁਸੀਬਤਾਂ ਚਾਰੇ ਪਾਸੇ ਮੂੰਹ ਅੱਡੀ ਖੜ੍ਹੀਆਂ ਸਨ, ਅਤੇ ਮੁਸ਼ਕਿਲਾਂ ਸਾਰੇ ਰਾਹ ਰੋਕੇ ਬੈਠੀਆਂ ਸਨ।

4

ਬੁੱਢ-ਪੁਰਾਣੇ ਬੰਧਨਾਂ ਤੇ ਬਿਅਰਥ ਰੀਤਾਂ-ਰਸਮਾਂ ਨਾਲ ਜਕੜੇ ਹੋਏ ਲੋਕ ਸਦੀਆਂ ਦੀ ਰਾਜਨੀਤਕ ਤੇ ਮਾਨਸਕ ਗੁਲਾਮੀ ਕਾਰਨ, ਖੀਣ, ਕਾਇਰ ਤੇ ਪਿਛਾਂਹ-ਖਿੱਚੂ ਬਣ ਚੁਕੇ ਸਨ। ਜਾਤ-ਪਾਤ ਦੀ ਤਮੀਜ, ਉਚ-ਨੀਚ ਦੇ ਵਿਤਕਰੇ ਤੇ ਸੰਪ੍ਰਦਾਇਕ ਮੱਤ-ਭੇਦ ਨੇ ਦੇਸ਼ ਦੇ ਸਮਾਜਕ ਜੀਵਨ ਨੂੰ ਨਿਰਜਿੰਦ ਕੀਤਾ ਹੋਇਆ ਸੀ। ਜਾਤ - ਅਭਿਮਾਨ ਤੇ ਇਸ ਦੀ ਮਨਾਪਲੀ ਇਥੋਂ ਤਕ ਵਧ ਚੁਕੀ ਸੀ ਕਿ ਗੁਰੂ ਗੋਬਿੰਦ ਜੀ ਦੀ ਗੱਦੀ-ਨਸ਼ੀਨੀ ਤੋਂ ਸਾਲ ਕੁ ਪਹਿਲਾਂ ਸੰਨ 1674 ਵਿਚ, ਛੱਤਰਪਤੀ ਸ਼ਿਵਾਜੀ ਨੂੰ ਆਪਣੀ ਤਾਜਪੋਸ਼ੀ ਸਮੇਂ ਅਜਿਹੀ ਖੇਚਲ ਤੇ ਨਮੋਸ਼ੀ ਵੇਖਣੀ ਪਈ ਸੀ ਕਿ ਜਿਸ ਦਾ ਬਿਆਨ ਪੜ੍ਹ-ਸੁਣ ਕੇ ਅਕਲ ਹੈਰਾਨ ਤੇ ਸ਼ਰਮਸਾਰ ਹੋ ਜਾਂਦੀ ਹੈ। ਉਨ੍ਹਾਂ ਨੂੰ "ਨੀਚੋਂ ਊਚ ਕਰਨ" ਲਈ ਦੇਸ਼ ਭਰ ਦੇ ਗਿਆਰਾਂ ਹਜਾਰ ਪੰਡਿਤ, ਬਾਲ-ਬੱਚੇ ਸਮੇਤ, ਪੂਨੇ ਵਿਖੇ, ਚਾਰ ਮਹੀਨੇ ਉਨ੍ਹਾਂ ਦੇ ਮਹਿਮਾਨ ਬਣੇ ਰਹੇ ਸਨ ਤੇ ਅਖੀਰ ਲੱਖਾਂ ਰੁਪਏ ਖਰਚ ਕੇ ਉਹ ਉਹਨਾਂ ਦੀ ਮਿਹਰਬਾਨੀ ਸਦਕੇ, ਮਸਾਂ ਕਿਤੇ "ਕਸ਼ਤਰੀ" ਅਖਵਾਉਣ ਤੇ ਰਾਜ-ਤਿਲਕ ਲੁਆਉਣ ਦਾ "ਹੱਕ" ਪਰਾਪਤ ਕਰ ਸਕੇ ਸਨ।

ਗੁਰੂ ਗੋਬਿੰਦ ਸਿੰਘ ਵੀ ਤਾਂ ਉਸੇ ਸਮਾਜਕ ਢਾਂਚੇ ਤੇ ਚੁਗਿਰਦੇ ਦੇ ਜੰਮ-ਪਲ ਸਨ। ਜਦੋਂ ਉਨ੍ਹਾਂ ਧਰਮ ਤੇ ਸਮਾਜ ਦੇ ਅਜਿਹੇ ਅਖੌਤੀ ਠੇਕੇਦਾਰਾਂ ਨੂੰ ਆਪਣੇ ਦੈਵੀ, ਉਸਾਰੂ ਤੇ ਪਰਉਪਕਾਰੀ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਸੀ ਤਾਂ ਉਨ੍ਹਾਂ ਨੇ ਨੱਕ ਚੜ੍ਹਾਉਂਦਿਆਂ ਤੇ ਇਨਕਾਰ ਕਰਦਿਆਂ ਸਾਫ ਆਖ ਦਿੱਤਾ ਸੀ : "ਜਿਸ ਪ੍ਰੋਗਰਾਮ ਦੇ ਅਧੀਨ ਸਾਨੂੰ ਨੀਚਾਂ ਤੇ ਅਛੂਤਾਂ ਨਾਲ ਇਕੋ ਪੰਗਤ ਵਿਚ ਬਹਿਣਾ-ਖਾਣਾ ਅਤੇ ਇੱਕੋ ਸੰਗਤ ਵਿਚ ਧਰਮ-ਕਰਮ ਕਰਨਾ ਲਾਜਮੀ ਹੈ, ਉਸ ਵਿਚ ਸ਼ਾਮਲ ਹੋਣਾ ਤਾਂ ਕਿਤੇ ਰਿਹਾ, ਉਸ ਬਾਰੇ ਤਾਂ ਅਸੀਂ ਕੁਝ ਸੁਣਨ-ਸੋਚਣ ਲਈ ਵੀ ਤਿਆਰ ਨਹੀਂ।" ਇਸੇ ਅਭਿਮਾਨ-ਪੂਰਤ ਤਾਅਨੇ ਦਾ ਜਵਾਬ ਦੇਂਦਿਆਂ, ਨੀਚਾਂ ਨੂੰ ਊਚ ਕਰਨ ਵਾਲੇ ਦਸਮੇਸ਼ ਪਿਤਾ ਨੇ ਮਾਨੋ ਹਿੱਕ ਥਾਪੜ ਕੇ ਆਖਿਆ ਸੀ:

ਜਿਨ ਕੀ ਜਾਤਿ ਵਰਣ ਕੁਲ ਮਾਹੀਂ,
ਸਰਦਾਰੀ ਨਹਿ ਭਈ ਕਦਾਹੀਂ।
ਇਨ ਹੀ ਕੋ "ਸਰਦਾਰ" ਬਨਾਵੌਂ,
ਤਬੈ "ਗੋਬਿੰਦ ਸਿੰਘ" ਨਾਮ ਕਹਾਵੌਂ।[4]

ਦਸਵੇਂ ਪਾਤਸ਼ਾਹ ਦੀ ਅਜਿਹੀ ਖੁਲ੍ਹੀ ਵੰਗਾਰ, ਜਾਤ-ਵਰਨ ਤੇ ਮੂਰਤੀ-ਪੂਜਾ ਦੇ ਵਿਰੋਧ ਅਤੇ ਸੰਗਤ-ਪੰਗਤ ਦੀ ਇਨਕਲਾਬੀ ਨੀਤੀ ਨੇ, ਉਨ੍ਹਾਂ ਨੂੰ ਧਰਮ ਤੇ ਸਮਾਜ ਦੇ ਅਜਿਹੇ ਇਜਾਰੇਦਾਰਾਂ ਦੀ ਈਰਖਾ, ਵੈਰ-ਭਾਵ ਤੇ ਫਤਵਿਆਂ ਦਾ, ਨਿਰਸੰਦੇਹ, ਨਿਸ਼ਾਨਾ ਹੀ ਬਣਾ ਦਿੱਤਾ ਹੋਵੇਗਾ। ਉਨ੍ਹਾਂ ਤੋਂ ਘਟੋ-ਘਟ ਪਿਆਰ-ਸਤਿਕਾਰ ਅਤੇ ਮਦਦ-ਮਿਲਵਰਤਨ ਦੀ ਆਸ ਰਖਣੀ ਤਾਂ ਹਵਾ ਨਾਲ ਗੱਲਾਂ ਕਰਨ ਵਾਲੀ ਹੀ ਗੱਲ ਸੀ। ਅਤੇ ਜੇ ਧਰਮ ਤੇ ਸਮਾਜ ਦੇ ਠੇਕੇਦਾਰ ਪਿਛੇ ਪੈ ਗਏ ਸਨ, ਤਾਂ ਗੁਆਂਢ ਵਸਦੇ ਦੇਸੀ ਰਜਵਾੜੇ ਵੀ ਕਿਹੜੇ ਪਿਛੇ ਰਹੇ ਸਨ ? ਉਹ ਤਾਂ ਮੁਢੋਂ ਹੀ ਡਰਾਕਲ, ਸੁਆਰਥੀ ਤੇ ਈਰਖਾਲੂ ਸਨ। ਨਾਲੇ ਉਹ ਠੀਕ ਅਰਥਾਂ ਵਿਚ, ਸਰਕਾਰੀ ਪਿੱਠੂ ਤੇ ਲੋਕ-ਦੁਸ਼ਮਣ ਵੀ ਬਣੇ ਹੋਏ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਉਨ੍ਹਾਂ ਨੂੰ ਵੀ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਤੇ ਰਲ-ਮਿਲ ਕੇ ਗੁਲਾਮੀ ਦੀਆਂ ਜੰਜੀਰਾਂ ਤੋੜਨ ਦਾ ਸੱਦਾ ਦਿੱਤਾ ਸੀ, ਤਾਂ ਉਨ੍ਹਾਂ ਨੇ ਵੀ ਪੈਂਦੀ-ਸੱਟੇ ਇਹ ਕਹਿ ਕੇ ਟਾਲ ਦਿੱਤਾ ਸੀ ਅਤੇ ਹੌਸਲਾ ਢਾਹੁਣ ਦਾ ਭਰਵਾਂ ਜਤਨ ਵੀ ਕਰ ਦਿੱਤਾ ਸੀ : "ਜਿਨ੍ਹਾਂ ਮੁਗਲ ਹਾਕਮਾਂ ਨਾਲ ਟੱਕਰ ਲੈਣ ਦੀ ਤੁਸੀਂ ਸੋਚ ਰਹੇ ਹੋ, ਉਹ ਤਾਂ ਬਾਜਾਂ ਵਾਂਗ ਤਕੜੇ ਤੇ ਸਤਾਣੇ ਹਨ : ਅਤੇ ਅਸੀਂ ਉਨ੍ਹਾਂ ਦੇ ਟਾਕਰੇ ਤੇ, ਚਿੜੀਆਂ ਵਾਂਗ ਨਿਸੱਤੇ ਤੇ ਨਿਤਾਣੇ ਹਾਂ।" ਗੁਰੂ ਗੋਬਿੰਦ ਸਿੰਘ ਜੀ ਨੇ ਤਦੇ ਤਾਂ ਉਨ੍ਹਾਂ ਨੂੰ ਵੀ ਲਲਕਾਰ ਕੇ ਆਖਿਆ ਸੀ :

ਚਿੜੀਅਨ ਸੇ ਜਬ ਬਾਜ ਤੁੜਾਊਂ,
ਤਬੈ "ਗੋਬਿੰਦ ਸਿੰਘ" ਨਾਮ ਕਹਾਊਂ।[4]

ਅਜਿਹੀ ਲਲਕਾਰ ਤੇ ਇਕਰਾਰ ਤੋਂ ਉਤਸ਼ਾਹਿਤ ਹੋ ਕੇ, ਉਹ ਉਸ "ਸੱਚੇ ਤੇ ਸੂਰਬੀਰ ਪਾਤਸ਼ਾਹ" ਦੇ ਮੋਢੇ ਨਾਲ ਮੋਢਾ ਲਾਉਣਾ ਤਾਂ ਕਿਤੇ ਰਿਹਾ, ਸਗੋਂ ਉਨ੍ਹਾਂ ਦੇ ਵਿਰੁੱਧ, ਸਮੇਂ ਦੇ "ਕੂੜੇ ਤੇ ਨਿਰਦਈ ਬਾਦਸ਼ਾਹ" ਨਾਲ ਗੰਢ-ਤੁਪ ਵੀ ਕਰਨ ਲਗ ਪਏ ਸਨ। ਮੱਸ-ਫੁਟਦੇ ਦਸ਼ਮੇਸ਼ ਪਿਤਾ ਨੇ ਉਸ ਪ੍ਰੋਗਰਾਮ ਦੀ ਪੈਰਵੀ ਤੇ ਪੂਰਤੀ ਲਈ ਜਦੋਂ ਲੱਕ ਬੰਨ ਲਿਆ ਸੀ ਤਾਂ ਉਨ੍ਹਾਂ ਦੀ "ਚੜ੍ਹਦੀ ਕਲਾ", ਸ਼ਾਹੀ ਠਾਠ-ਬਾਠ ਤੇ ਸੈਨਕ ਤਿਆਰੀ ਨੇ ਜਿਥੇ ਉਨ੍ਹਾਂ ਕਾਇਰਾਂ ਨੂੰ ਚਿੰਤਾਤੁਰ ਕਰ ਦਿੱਤਾ ਸੀ, ਉਥੇ ਈਰਖਾ ਤੇ ਵੈਰ ਦੇ ਲਾਂਬੂ ਵੀ ਲਾ ਦਿੱਤੇ ਸਨ। ਇਸ ਦਾ ਇਕ ਮਾਰੂ ਨਤੀਜਾ ਇਹ ਨਿਕਲਿਆ ਸੀ ਕਿ ਉਹ ਤਾਂ ਦਸ਼ਮੇਸ਼ ਦੀ ਜਾਨ ਦੇ ਵੀ ਵੈਰੀ ਬਣ ਗਏ ਸਨ, ਅਤੇ ਉਨ੍ਹਾਂ ਦੇ ਪ੍ਰੋਗਰਾਮ ਦੀ ਪੂਰਤੀ ਵਿਚ ਸਭ ਤੋਂ ਪਹਿਲੀ ਤੇ ਵੱਡੀ ਰੁਕਾਵਟ ਵੀ ਉਹ ਹੀ ਸਿਧ ਹੋਏ ਸਨ। ਇਸੇ ਲਈ ਗੁਰੂਦੇਵ ਆਪਣੀ ਚੜ੍ਹਦੀ ਜਵਾਨੀ ਵਿਚ, ਸਭ ਤੋਂ ਪਹਿਲਾਂ ਉਨ੍ਹਾਂ ਨਾਲ ਹੀ ਲੋਹਾ ਲੈਣ ਅਤੇ ਕਈ ਝੜੱਪਾਂ ਤੇ ਲੜਾਈਆਂ ਵਿਚ ਜੂਝਣ ਲਈ ਮਜਬੂਰ ਹੋ ਗਏ ਸਨ।

ਜੇ ਦੇਸੀ ਰਜਵਾੜੇ ਖੂਨ ਦੇ ਪਿਆਸੇ ਬਣ ਚੁਕੇ ਸਨ ਤਾਂ ਬਦੇਸ਼ੀ ਸਰਕਾਰ ਕਿੰਨੀ ਕੁ ਮਿੱਤਰ, ਹਮਦਰਦ ਤੇ ਸਹਿ-ਹੋਂਦ (co-existence) ਦੀ ਕਾਇਲ ਸੀ ? ਮੁਗਲਾਂ ਦੀ ਰਾਜਨੀਤਕ ਤਾਕਤ ਤੇ ਧਾਰਮਕ ਤੁਅੱਸਬ ਉਦੋਂ ਤਾਂ ਆਪਣੀ ਸਿਖਰ ਉਤੇ ਪਹੁੰਚ ਚੁਕਾ ਸੀ। "ਬਾਬੇ ਕਿਆਂ" ਤੇ "ਬਾਬਰ ਕਿਆਂ" ਦੇ ਰਾਜ-ਭਾਗ ਹਿੰਦੁਸਤਾਨ ਵਿਚ ਇੱਕੋ ਸਮੇਂ ਆਰੰਭ ਹੋਏ ਸਨ। ਜਿਉਂ ਜਿਉਂ ਸਮਾਂ ਬੀਤਦਾ ਗਿਆ ਸੀ, "ਬਾਬੇ ਕੇ" ਆਤਮਕ ਤੌਰ ਤੇ ਅਤੇ "ਬਾਬਰ ਕੇ" ਸੰਸਾਰਕ ਤੌਰ ਤੇ ਤਕੜੇ ਅਤੇ ਪ੍ਰਭਾਵਸ਼ਾਲੀ ਹੁੰਦੇ ਗਏ ਸਨ। ਫਿਰ ਇਕ ਅਜਿਹਾ ਸਮਾਂ ਵੀ ਆ ਗਿਆ ਸੀ ਜਦੋਂ "ਬਾਬਰ ਕਿਆਂ" ਨੇ "ਬਾਬੇ ਕਿਆਂ" ਦੀ ਵਧ ਰਹੀ ਸ਼ਕਤੀ, ਪ੍ਰਭੁਤਾ ਤੇ ਸਮਰੱਥਾ ਨੂੰ ਕੁਚਲਣ ਅਤੇ, ਜਹਾਂਗੀਰ ਦੇ ਲਫਜਾਂ ਵਿਚ ਉਨ੍ਹਾਂ ਦੀ "ਦੁਕਾਨੇ ਬਾਤਲ" ਭਾਵ ਸਿੱਖ ਧਰਮ ਨੂੰ ਵੀ ਬੰਦ, ਭਾਵ ਖਤਮ, ਕਰ ਦੇਣ ਦਾ ਪੱਕਾ ਫੈਸਲਾ ਕਰ ਲਿਆ ਸੀ।

ਇਸ ਨਿਰਦਈ ਫੈਸਲੇ ਨੇ ਫਿਰ ਇਕ ਅਜਿਹੀ ਭਿਆਨਕ ਸ਼ਕਲ ਇਖਤਿਆਰ ਕਰ ਲਈ ਸੀ ਕਿ ਬਾਬਰ ਦੇ ਪੜਪੋਤੇ ਜਹਾਂਗੀਰ (1569-1627) ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪੜਦਾਦਾ ਗੁਰੂ ਅਰਜਨ ਦੇਵ ਜੀ (1563-1606) ਨੂੰ ਅਸਹਿ ਤੇ ਅਕਹਿ ਕਸ਼ਟ ਦੁਆ ਕੇ ਸ਼ਹੀਦ ਕਰਵਾ ਦਿੱਤਾ ਸੀ। ਫਿਰ ਉਨ੍ਹਾਂ ਦੇ ਦਾਦਾ, ਗੁਰੂ ਹਰਿਗੋਬਿੰਦ ਸਾਹਿਬ (1595-1644), ਨੂੰ ਜਹਾਂਗੀਰ ਦੇ ਪੁੱਤਰ, ਸ਼ਾਹਜਹਾਨ (1592-1658) ਨਾਲ ਜੂਝਣਾ ਪਿਆ ਸੀ। ਹੋਰ ਤਾਂ ਹੋਰ, ਉਨ੍ਹਾਂ ਦੇ ਆਪਣੇ ਪਿਤਾ, ਗੁਰੂ ਤੇਗ ਬਹਾਦਰ ਜੀ (1621-1675) ਨੂੰ ਸ਼ਾਹਜਹਾਨ ਦੇ ਪੁਤਰ, ਔਰੰਗਜੇਬ (1618-1707) ਨੇ ਉਪਰ ਦੱਸੇ ਅਨੁਸਾਰ, "ਤਹਿ ਤੇਗ" ਵੀ ਕਰਵਾ ਦਿਤਾ ਸੀ।

ਸੋ ਜਿਹੜਾ ਹਾਕਮ ਖਾਨਦਾਨ ਤੇ ਉਸ ਦੀ ਅਜਿਹੀ ਹਕੂਮਤ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪਿਤਾ, ਦਾਦੇ ਤੇ ਪੜਦਾਦੇ ਨਾਲ ਵੀ ਕਈ ਪੀੜ੍ਹੀਆਂ ਤੋਂ ਨਿਰੰਤਰ ਅਜਿਹਾ ਅਨਿਆਈ ਤੇ ਨਿਰਦਈ ਸਲੂਕ ਕਰਦੀ ਆ ਰਹੀ ਸੀ, ਉਸ ਨੇ ਇਸ "ਨਿੱਕੇ" ਜਿਹੇ, ਸੰਸਾਰਕ ਸ਼ੰਬਦਾਂ ਵਿਚ "ਅਨਾਥ ਬਾਲਕ" ਗੁਰੂ ਨਾਲ ਵੀ ਕਿੰਨੀ ਕੁ ਮਿਹਰ, ਲਾਭ ਜਾਂ ਲਿਹਾਜ ਕਰਨਾ ਸੀ ?

ਤੇ ਉਹ ਹਕੂਮਤ ਵੀ ਕੋਈ ਅੱਜ ਵਾਂਗ ਅਵਾਮ ਵਿਚੋਂ ਉਠਿਆ ਜਾਂ ਬਣਿਆ ਹੋਇਆ ਸਾਂਝਾ ਤੇ ਸੁਤੰਤਰ ਲੋਕ-ਰਾਜ ਨਹੀਂ ਸੀ। ਉਹ ਤਾਂ ਇਕ ਅਜਿਹਾ ਇਕ-ਪੁਰਖਾ ਤੇ ਅਨਿਆਈ ਰਾਜ ਸੀ ਜਿਸ ਵਿਚ ਕਿਸੇ ਸ਼ਹਿਰੀ ਨੂੰ ਕਿਸੇ ਤਰ੍ਹਾਂ ਦੀ ਕੋਈ ਖੁਲ੍ਹ ਪਰਾਪਤ ਨਹੀਂ ਸੀ। ਫਿਰ, ਮੰਦੇ-ਭਾਗੀਂ, ਉਸ ਰਾਜ ਦੀ ਵਾਗ-ਡੋਰ ਵੀ ਉਦੋਂ ਇਕ ਅਜਿਹੇ ਰਾਜੇ ਦੇ ਹੱਥ ਸੀ ਜਿਸ ਵਰਗਾ ਤੁਅੱਸਬੀ ਤੇ ਨਿਰਦਈ ਬਾਦਸ਼ਾਹ ਹਿੰਦੁਸਤਾਨ ਨੇ ਸ਼ਾਇਦ ਹੀ ਕਦੇ ਸੁਣਿਆ ਜਾਂ ਦੇਖਿਆ ਹੋਵੇ। ਉਹ ਇੰਨਾ ਫਰੇਬੀ, ਬੇਦਰਦ ਤੇ ਜਨੂੰਨੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ, ਬਾਅਦ ਵਿਚ, ਉਸੇ ਨੂੰ ਸੰਬੋਧਨ ਕਰਦਿਆਂ, ਭੇਜੀ ਇਕ ਚਿੱਠੀ ਵਿਚ ਇਥੋਂ ਤਕ ਲਿਖਣਾ ਪਿਆ ਸੀ :

ਤੁਰਾ ਤੁਰਕ-ਤਾਜ਼ੀ, ਬ-ਮਕਰੋ-ਰਿਆ।
ਮਰਾ ਚਾਰਹ ਸਾਜ਼ੀ, ਬਸਿਦਕੋ-ਸਫ਼ਾ।
ਨ-ਜ਼ੇਬਦ ਤੁਰਾ, ਨਾਮਿ ਔਰੰਗ-ਜ਼ੇਬ।

ਕਿ ਔਰੰਗ-ਜ਼ੇਬਾਂ, ਨਿਆਯਦ ਫ਼ਰੇਬ।
ਤੂ ਖਾਕਿ ਪਿਦਰ ਰਾ, ਬਿ ਕਿਰਦਾਰੇ ਜ਼ਿਸ਼ਤ।
ਬਖੂਨੇ ਬਿਰਾਦਾਰ, ਬਿਦਾਦੀ ਸਰਿਸ਼ਤ।
ਵਜ਼ਾ ਖਾਨਾਇ-ਖਾਮ, ਕਰਦੀ ਬਿਨਾ।
ਬਰਾਏ ਦਰੇ ਦੌਲਤੇ, ਖ਼ੇਸ ਰਾ ॥[5]

ਅਰਥਾਤ, "ਤੈਨੂੰ ਆਪਣੇ ਮਕਰ ਤੇ ਫਰੇਬ ਉਤੇ ਅਤੇ ਮੈਨੂੰ ਆਪਣੇ ਸਿਦਕ ਤੇ ਨੇਕ-ਨੀਤੀ ਉਤੇ ਨਿਸਚਾ ਹੈ। ਤੈਨੂੰ ਤਾਂ ਤੇਰਾ ਨਾਂ, ਔਰੰਗਜ਼ੇਬ, ਹੀ ਨਹੀਂ ਢੁਕਦਾ ਕਿਉਂਕਿ ਇਸ ਦਾ ਭਾਵ ਤਾਂ "ਤਖਤ ਨੂੰ ਸ਼ੋਭਾ" ਦੇਣ ਵਾਲੇ ਅਜਿਹੇ ਬੰਦੇ ਤੋਂ ਹੈ ਜਿਸ ਨੂੰ ਧੋਖਾ-ਫਰੇਬ ਕਰਨਾ ਸ਼ੋਭਦਾ ਹੀ ਨਹੀਂ ....। ਤੂੰ ਤਾਂ ਭੈੜੀਆਂ ਕਰਤੂਤਾਂ ਨਾਲ ਆਪਣੇ ਪਿਓ ਦੀ ਮਿੱਟੀ ਨੂੰ ਆਪਣੇ ਭਰਾਵਾਂ ਦੇ ਖੂਨ ਨਾਲ ਗੁੰਨ੍ਹ ਕੇ, ਆਪਣੇ ਰਾਜ-ਭਾਗ ਦੇ ਕੱਚੇ ਮਹਿਲ ਦੀ ਉਸਾਰੀ ਕੀਤੀ ਹੋਈ ਹੈ ...।"

ਜਿਸ ਬਾਦਸ਼ਾਹ ਨੇ ਕੇਵਲ ਗੁਰੂ ਗੋਬਿੰਦ ਸਿੰਘ ਦੇ ਪਿਤਾ ਦੀ ਹੀ ਨਹੀਂ, ਸਗੋਂ ਖੁਦ ਆਪਣੇ ਪਿਓ ਤੇ ਭਰਾਵਾਂ ਦੇ ਵੀ ਖੂਨ ਦੀ ਹੋਲੀ ਖੇਡੀ ਹੋਈ ਹੋਵੇ; ਜਿਸ ਨੇ ਸਰਮਦ ਜਿਹੇ ਰੱਬ ਦੇ ਪਿਆਰੇ ਸੂਫੀ ਦਰਵੇਸ਼ ਨੂੰ ਨਾਹੱਕ ਮਰਵਾ ਦਿੱਤਾ ਹੋਵੇ; ਅਤੇ ਜਿਸ ਨਾਲ ਜ਼ਿੰਦਗੀ-ਮੌਤ ਦੀ ਬਾਜੀ ਲਾ ਦੇਣ ਤੋਂ ਬਾਅਦ, ਗੁਰੂ ਗੋਬਿੰਦ ਸਿੰਘ ਨੇ ਆਪ ਉਸ ਦੇ ਸੁਭਾਅ ਤੇ ਕਰਤੂਤਾਂ ਨੂੰ ਇਉਂ ਉਲੀਕਿਆ ਹੋਵੇ; ਉਸ ਦੀ ਜ਼ਾਤ, ਹਕੂਮਤ ਤੇ ਖਾਨਦਾਨ ਦਾ ਬਾਲ-ਗੁਰੂ ਜੀ ਦੇ ਗੱਦੀ ਤੇ ਜਾਨ ਦਾ ਵੈਰੀ ਜਾਂ ਵਿਰੋਧੀ ਹੋਣਾ ਸੁਭਾਵਕ ਹੀ ਸੀ।

ਕਿਸੇ ਵੱਡੇ, ਸਿਆਣੇ ਤੇ ਸਰਦੇ-ਪੁਜਦੇ ਬੰਦੇ ਦੇ ਸਿਰ ਉਤੇ ਜੇ ਕੋਈ ਇਕ ਵੀ ਮੁਸ਼ਕਲ ਜਾਂ ਮੁਸੀਬਤ ਕਦੇ ਵੀ ਆ ਬਣੇ ਤਾਂ ਉਹ ਘਬਰਾਅ ਕੇ ਦਿਲ ਢਾਹ ਬੈਠਦਾ ਹੈ। ਪਰ ਬਾਲ-ਗੋਬਿੰਦ ਜੀ ਦੇ ਸਾਹਮਣੇ ਤਾਂ ਇਕ ਨਹੀਂ, ਅਨੇਕ ਮੁਸ਼ਕਲਾਂ ਤੇ ਮੁਸੀਬਤਾਂ ਮਾਨੋ ਠਾਠਾਂ ਮਾਰ ਕੇ ਪੈਰ-ਪੈਰ ਉਤੇ ਆ ਖੜ੍ਹੀਆਂ ਸਨ। ਫਿਰ ਉਨ੍ਹਾਂ ਨੂੰ ਠੱਲ੍ਹਣ ਲਈ, ਉਨ੍ਹਾਂ ਨਾਲ ਜੂਝਣ ਲਈ, ਉਦੋਂ ਆਪ ਪਾਸ, ਸੰਸਾਰਕ ਸ਼ਬਦਾਵਲੀ ਵਿਚ, ਨਾ ਉਮਰ ਸੀ, ਨਾ ਤਜੁਰਬਾ; ਨਾ ਸਾਥੀ ਸਨ, ਨਾ ਸਾਧਨ; ਨਾ ਸੈਨਾ ਸੀ, ਨਾ ਸ਼ਸਤਰ; ਨਾ ਕਿਲ੍ਹਾ ਸੀ, ਨਾ ਛਾਉਣੀ; ਨਾ ਰਾਜ ਸੀ, ਨਾ ਭਾਗ; ਨਾ ਸਾਜ਼ ਸੀ, ਨਾ ਬਾਜ਼। ਇਕ ਕੱਲ-ਮੁਕੱਲੇ ਬਾਲ ਨੂੰ ਸਮੇਂ ਦੀਆਂ ਸਭ ਵਿਰੋਧੀ ਸ਼ਕਤੀਆਂ ਨਾਲ ਚਾਰੇ ਪਾਸਿਓਂ ਇਉਂ ਘਿਰਿਆ ਹੋਇਆ ਵੇਖ ਕੇ, ਹੈਰਾਨ-ਪਰੇਸ਼ਾਨ ਹੋਈ ਅਕਲ ਪੁੱਛਦੀ ਹੈ :

"ਉਹ ਇਨ੍ਹਾਂ ਨੂੰ ਵੇਖਦਿਆਂ ਸਾਰ, ਘਬਰਾਅ ਕਿਉਂ ਨ ਗਏ ? ਇਨ੍ਹਾਂ ਦੀ "ਚੜ੍ਹਤਲ" ਨੂੰ ਮਹਿਸੂਸ ਕਰਦਿਆਂ ਹੀ, ਉਨ੍ਹਾਂ ਨੇ ਉਦੋਂ ਹੀ ਈਨ ਕਿਉਂ ਨ ਮੰਨ ਲਈ ? ਇਨ੍ਹਾਂ ਦੇ ਅਮੁੱਕ ਭਾਰ ਹੇਠ ਉਦੋਂ ਉਹ ਲਿਫ਼ ਕਿਉਂ ਨਾ ਗਏ ?"

ਗੁਰੂ ਗੋਬਿੰਦ ਸਿੰਘ ਜੀ ਦੀ, ਜੀਵਨ-ਕਥਾ ਅਤੇ ਬੀਰ-ਗਾਥਾ ਦੇ ਅਗਲੇ 32 ਵਰ੍ਹਿਆਂ ਦਾ ਬੇਮਿਸਾਲ ਤੇ ਬੇਜੋੜ ਬਿਰਤਾਂਤ ਇਸ ਗੱਲ ਦਾ ਗਵਾਹ ਹੈ ਕਿ ਉਹ ਜ਼ਰਾ ਵੀ ਨਾ ਲਿਫ਼ੇ, ਭੋਰਾ ਵੀ ਨਾ ਡੋਲੇ, ਰੱਤੀ-ਭਰ ਵੀ ਨਾ ਘਾਬਰੇ। ਉਨ੍ਹਾਂ ਨੇ ਕਿਸੇ ਦੀ ਵੀ ਕੋਈ ਈਨ ਨਹੀਂ ਮੰਨੀ, ਕਿਸੇ ਦੀ ਵੀ ਮਿੰਨਤ ਨਹੀਂ ਕੀਤੀ, ਕਦੇ ਵੀ ਦਿਲ ਨਹੀਂ ਹਾਰਿਆ ਸੀ। ਸਗੋਂ, ਇਸ ਦੇ ਐਨ ਉਲਟ, ਇੰਨੀ ਬੇਬਸੀ ਤੇ ਬੇ-ਸਰੋਸਾਮਾਨੀ ਦੇ ਬਾਵਜੂਦ, ਉਹ ਸਮੇਂ ਤੇ ਸ਼ਰੀਕੇ, ਰਾਜ ਤੇ ਸਮਾਜ — ਮਾਨੋ ਸਭ ਅਧਰਮੀ ਤੇ ਅਨਿਆਈ ਸ਼ਕਤੀਆਂ ਨਾਲ ਖੁਲ੍ਹੇ ਹੱਥੀਂ ਟੱਕਰ ਲੈਣ ਲਈ ਡਟ ਗਏ ਸਨ। ਅਤੇ ਆਖਰੀ ਦਮ ਤਕ "ਚੜ੍ਹਦੀ ਕਲਾ" ਵਿਚ ਵਿਚਰਦੇ ਰਹੇ ਸਨ।

5

ਮਨੁਖੀ ਇਤਿਹਾਸ ਦੀ ਇਹ ਕਹਾਣੀ ਜਿੰਨੀ ਨਿਰਾਲੀ ਤੇ ਦਰਦਨਾਕ ਹੈ, ਉਨੀ ਹੀ ਹੁਲਾਰਾਜਨਕ ਅਤੇ ਮਾਣ ਕਰਨਯੋਗ ਵੀ ਹੈ। ਇਸ ਦੀ ਹਰ ਘਟਨਾ ਨੂੰ ਪੜ੍ਹਿਆਂ ਬੁਧੀ ਚਕ੍ਰਿਤ ਰਹਿ ਜਾਂਦੀ ਹੈ। ਇਸ ਦੀ ਹਰ ਸਥਿਤੀ ਨੂੰ ਸੋਚਿਆਂ, ਸੋਚ ਜੁਆਬ ਦੇ ਜਾਂਦੀ ਹੈ; ਇਸ ਦੀ ਹਰ ਪਰਾਪਤੀ ਨੂੰ ਸੁਣਿਆਂ, ਜੀਭ ਇਉਂ ਗੁਣਗੁਣਾਉਣ ਲਗ ਪੈਂਦੀ

ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ ?[6]

ਫਿਰ ਇਸ ਦੇ ਦੈਵੀ ਨਾਇਕ ਦੀ ਹਰ ਸੋਚ ਇਨਕਲਾਬ ਦੀ ਸੂਚਕ; ਉਸ ਦੀ ਹਰ ਤੱਕਣੀ ਪਰੇਰਨਾ ਦਾ ਸੋਮਾ; ਉਸ ਦੀ ਹਰ ਕਥਨੀ ਤੇ ਕਰਨੀ 'ਚੜ੍ਹਦੀ ਕਲਾ' ਦੀ ਲਖਾਇਕ, ਅਤੇ ਹਰ ਕਰਤਬ ਸੰਤ-ਸਿਪਾਹਿਤਾ ਦਾ ਪੁੰਜ ਜਾਪਣ ਲਗ ਪੈਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ 29 ਮਾਰਚ, 1699 ਈਸਵੀ ਨੂੰ ਸਿਰਜੇ ਤੇ ਸਜਾਏ ਆਪਣੇ ਖਾਲਸੇ ਵਿਚ ਵੀ ਇਹੋ ਸਪਿਰਿਟ ਬੜੇ ਭਰਵੇਂ ਤੇ ਅਨੂਠੇ ਰੂਪ ਵਿਚ ਫੂਕ ਦਿੱਤੀ ਸੀ। ਇਸੇ ਸਪਿਰਿਟ ਨੇ ਪਿਛਲੀਆਂ ਤਿੰਨ ਸਦੀਆਂ ਵਿਚ ਅਜਿਹੇ ਚਮਤਕਾਰ ਵਿਖਾਏ ਸਨ, ਜੋ ਆਪਣੀ ਮਿਸਾਲ ਆਪ ਹੀ ਹਨ।

ਪਹਿਲਾਂ ਤਾਂ ਇਸ ਨੇ ਉਸੇ, ਭਾਵ ਅਠਾਰ੍ਹਵੀਂ, ਸਦੀ ਵਿਚ ਹੀ ਜ਼ਾਲਮ ਤੇ ਜਾਬਰ ਮੁਗਲ ਰਾਜ ਨੂੰ ਉੱਤਰੀ ਹਿੰਦ ਵਿਚੋਂ ਜੜੋਂ ਹੀ ਉਖੇੜ ਕੇ, ਦਸਮੇਸ਼ ਪਿਤਾ ਦੇ ਔਰੰਗਜ਼ੇਬ ਨੂੰ ਲਿਖਤੀ ਰੂਪ ਵਿਚ ਭੇਜੇ, ਇਸ ਅਲਟੀਮੇਟਮ ਨੂੰ ਵੀ ਸੱਚਾ ਕਰ ਵਿਖਾ ਦਿੱਤਾ ਸੀ :

ਬਿ-ਸੌਗੰਦਿ ਤੋ, ਏਤਬਾਰੇ ਨ ਮਾਂਦ।
ਮਰਾ ਜੁਜ਼ ਬ-ਸ਼ਮਸ਼ੀਰ, ਕਾਰੇ ਨ ਮਾਂਦ॥
ਬ-ਮੈਦਾਂ ਬਿਆ ਖੁਦ, ਬਿ ਤੇਗੋ-ਤਬਰ।
ਮਕੁਨ ਖ਼ਲਕਿ-ਖੱਲਾਕ, ਜ਼ੇਰੋ -ਜ਼ਬਰ॥
ਚੁਨਾ ਆਤਸ਼ਿ ਜ਼ੇਰਿ ਨਾਅਲਤ ਨਹਮ।
ਜ਼ਿ ਪੰਜਾਬ, ਆਬਤ ਨ ਖੁਰਦਨ ਦਿਹਮ॥[7]

ਅਰਥਾਤ, "ਮੈਨੂੰ ਤੇਰੀਆਂ ਸੌਹਾਂ, ਸੁਗੰਧਾਂ ਉਤੇ ਕੋਈ ਇਤਬਾਰ ਨਹੀਂ ਰਿਹਾ। ਇਸ ਲਈ ਹੁਣ ਤਲਵਾਰ ਉਤੇ ਹੱਥ ਰਖਣ ਤੋਂ ਸਿਵਾ ਮੇਰੇ ਲਈ ਹੋਰ ਕੋਈ ਚਾਰਾ ਨਹੀਂ ਰਿਹਾ। ਸੋ ਤੂੰ ਵੀ ਆਪਣੀ ਤਲਵਾਰ ਸੂਤ ਕੇ ਮੈਦਾਨ ਵਿਚ ਆ ਜਾ, ਮੇਰੇ ਨਾਲ ਖੁਦ ਆਪ ਲੜ ਕੇ ਜਿੱਤ-ਹਾਰ ਦਾ ਫੈਸਲਾ ਕਰ ਲੈ, ਅਤੇ ਇਉਂ ਰੱਬ ਦੇ ਨਿਰਦੋਸ਼ ਬੰਦਿਆਂ ਨੂੰ ਮਾਰਨਾ-ਮਰਵਾਣਾ ਛੱਡ ਦੇ। (ਜੇ ਇਹ ਗੱਲ ਤੈਨੂੰ ਮਨਜ਼ੂਰ ਨਹੀਂ ਤਾਂ ਮੈਂ ਏਲਾਨੀਆ ਆਖਦਾ ਹਾਂ ਕਿ) ਤੇਰੇ ਘੋੜੇ ਦੇ ਨਾਅਲਾਂ ਹੇਠ ਅਜਿਹੀ ਅੱਗ ਬਾਲ ਦਿਆਂਗਾ (ਭਾਵ ਇਕ ਅਜਿਹਾ ਇਨਕਲਾਬ ਬਰਪਾਅ ਕਰ ਦਿਆਂਗਾ) ਕਿ ਪੰਜਾਬ ਵਿਚੋਂ ਤੈਨੂੰ ਪਾਣੀ ਤਕ ਵੀ ਪੀਣ ਨਹੀਂ ਦਿੱਤਾ ਜਾਏਗਾ।" ਅਤੇ ਇਹ ਇਕ ਹਕੀਕਤ ਹੈ ਕਿ ਮੁਗਲ ਰਾਜ ਤਾਂ ਕੀ, ਉਸ ਉਪਰੰਤ ਛੇਤੀ ਹੀ ਮੁਗਲ ਖਾਨਦਾਨ ਦਾ ਵੀ ਹਮੇਸ਼ਾਂ ਲਈ ਭੋਗ ਪੈ ਗਿਆ ਸੀ। ਫਿਰ, ਉਸੇ ਪੰਜਾਬ ਵਿਚ, ਉਸੇ ਸਦੀ ਦੌਰਾਨ, ਦਸ਼ਮੇਸ਼ ਦੇ ਖਾਲਸੇ ਨੇ, ਖੁਦ ਆਪਣਾ ਰਾਜ-ਭਾਗ ਕਾਇਮ ਕਰ ਕੇ, ਗੁਰੂ ਨਾਨਕ, ਗੋਬਿੰਦ ਸਿੰਘ ਦੇ ਨਾਂ ਤੇ ਇਹ ਮੁਹਰ ਅਤੇ ਸਿੱਕਾ ਵੀ ਜਾਰੀ ਕਰ ਵਿਖਾਇਆ ਸੀ :

ਦੇਗੋ ਤੇਗ਼ੋ ਫ਼ਤਿਹ ਨੁਸਰਤ ਬੇਦਰੰਗ,
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਅਗਲੀ, ਭਾਵ ਉਨ੍ਹੀਵੀਂ ਸਦੀ ਵਿਚ ਜਦੋਂ ਇਕ ਹੋਰ ਬਦੇਸੀ ਕੌਮ, ਭਾਵ ਅੰਗਰੇਜ਼, ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਨਾਲ ਆਪੇ ਆ ਟੱਕਰ ਲਈ ਤਾਂ ਉਨ੍ਹਾਂ ਦੇ ਉਸੇ ਸੰਦੇਸ਼ ਤੇ ਉਨ੍ਹਾਂ ਵਲੋਂ ਹੀ ਬਖਸ਼ੀ ਹੋਈ ਉਕਤ ਚੜ੍ਹਦੀ ਕਲਾ ਵਾਲੀ ਸਪਿਰਿਟ ਸਦਕੇ ਉਨ੍ਹਾਂ ਦੇ ਸਾਜੇ-ਨਿਵਾਜੇ ਖਾਲਸੇ ਨੇ ਉਨ੍ਹਾਂ ਦਾ ਜੋ ਬੁਰਾ ਹਾਲ ਕੀਤਾ ਸੀ, ਉਹ ਇਕ ਸਮਕਾਲੀ, ਸੱਯਦ ਸ਼ਾਹ ਮੁਹੱਮਦ, ਦੇ ਸ਼ਬਦਾਂ ਵਿਚ ਕੁਝ ਇਸ ਤਰ੍ਹਾਂ ਦਾ ਸੀ :

ਆਈਆਂ ਪਲਟਨਾਂ ਬੀੜ ਕੇ ਤੋਪਖਾਨੇ,
ਅਗੋਂ ਸਿੰਘਾਂ ਨੇ ਪਾਸੜੇ ਤੋੜ ਸੁਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।[8]

ਮਗਰੋਂ ਉਸੇ ਲੜਾਈ ਵਿਚ ਸ਼ਾਮਲ ਰਹੇ ਇਕ ਅੰਗਰੇਜ਼ ਫ਼ੌਜੀ ਅਫ਼ਸਰ, ਕੈਪਟਨ ਜੇ ਡੀ ਕਨਿੰਘਮ, ਨੇ ਉਸ ਤੋਂ ਛੇਤੀ ਪਿਛੋਂ ਸੰਨ 1849, ਵਿਚ, ਛਾਪੇ ਇਤਿਹਾਸ ਵਿਚ ਇਸੇ ਸਪਿਰਿਟ ਦਾ ਜ਼ਿਕਰ ਕਰਦਿਆਂ ਦੁਨੀਆਂ ਨੂੰ ਖੁਲ੍ਹੇਬੰਦ ਦਸਿਆ ਸੀ : A living spirit possesses the whole Sikh people, and the impress of (Guru) Gobind (Singh) has not only elevated and altered the constitution of their minds but has operated materially and given amplitude to their physical frames. The features and external form of the whole people have been modified... In religious faith and worldly aspirations, they are wholly different from other Indians, and they are bound together by a community of inward sentiment and of outward object unknown elsewhere.[9] ਅਰਥਾਤ, "ਸਮੂਹ ਸਿੱਖ ਕੌਮ ਵਿਚ ਇਕ ਸਜੀਵ ਜਹੀ ਸਪਿਰਿਟ (ਰੂਹ) ਸਿੰਜਰੀ ਹੋਈ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛਾਪ ਨੇ ਉਨ੍ਹਾਂ ਦੇ ਮਨਾਂ ਦੀ ਕੇਵਲ ਬਣਤਰ ਨੂੰ ਹੀ ਨਹੀਂ ਵਟਾਇਆ ਤੇ ਉਚਿਆਇਆ, ਸਗੋਂ ਉਨ੍ਹਾਂ ਨੂੰ ਬੜੇ ਸਥੂਲ ਤੌਰ ਤੇ ਉਭਾਰਿਆ ਵੀ ਹੈ ; ਅਤੇ ਉਨ੍ਹਾਂ ਦੇ ਸਰੀਰਕ ਢਾਂਚੇ ਨੂੰ ਸ਼ਕਤੀ, ਵਿਸਤਾਰ ਤੇ ਵਡਿੱਤਣ ਵੀ ਬਖਸ਼ੀ ਹੈ। ਅਸਲ ਵਿਚ, ਸਮੁੱਚੀ ਕੌਮ ਦਾ ਚਿਹਰਾ-ਮੁਹਰਾ ਤੇ ਰੰਗ-ਰੂਪ ਹੀ ਬਦਲਾਅ ਦਿੱਤਾ ਹੈ। ... ਧਾਰਮਕ ਨਿਸਚੇ ਤੇ ਸੰਸਾਰਕ ਉੱਚ-ਭਾਵਨਾਵਾਂ ਵਿਚ ਉਹ ਬਾਕੀ ਸਾਰੇ ਹਿੰਦੁਸਤਾਨੀਆਂ ਤੋਂ ਸੰਪੂਰਨ ਤੌਰ ਤੇ ਭਿੰਨ, ਭਾਵ ਵਖਰੇ ਤੇ ਵਿਕੋਲਿਤਰੇ ਹਨ ਅਤੇ ਉਹ ਇਕ ਅਜਿਹੇ ਅੰਤਰਮੁਖੀ ਜਜ਼ਬੇ ਅਤੇ ਬਾਹਰਮੁਖੀ ਮੰਤਵ ਤੇ ਸਰੂਪ ਦੀ ਸਾਂਝ ਨਾਲ ਬੱਝੇ ਹੋਏ ਹਨ ਜੋ ਹੋਰ ਕਿਤੇ ਵੀ ਨਜ਼ਰ ਨਹੀਂ ਆਉਂਦੀ।" ਕਨਿੰਘਮ ਨੇ ਖਾਲਸੇ ਦੇ ਵਿਲੱਖਣ ਸਰੂਪ ਤੇ ਅਨੂਠੀ ਸਪਿਰਿਟ ਨੂੰ ਅੱਖੀਂ ਵੇਖ-ਵਰਤ ਕੇ, ਉਸ ਨੂੰ ਇਸ ਦੀ ਪਰਾਪਤੀ ਤੋਂ ਡੇਢ ਸੌ ਵਰ੍ਹੇ ਬਾਅਦ, ਇਹ ਕੁਝ ਲਿਖਿਆ ਸੀ। ਅੱਜ ਉਸ ਤੋਂ ਵੀ ਲਗਭਗ ਡੇਢ ਸੌ ਵਰ੍ਹਿਆਂ ਬਾਅਦ, ਉਸ ਦਾ ਇਹ ਬਿਆਨ ਦੇਸ਼-ਬਦੇਸ਼ ਵਸਦੇ ਹਜ਼ਾਰਾਂ ਸਿਦਕੀ ਗੁਰਸਿੱਖਾਂ ਵਿਚ ਸਿੰਜਰੇ ਹੋਏ ਉਸ ਸਰੂਪ, ਸਪਿਰਿਟ ਤੇ ਸ਼ਕਤੀ ਦੀ ਸ਼ਾਹਦੀ ਉਵੇਂ ਹੀ ਭਰ ਰਿਹਾ ਹੈ।

ਆਪਣੇ ਆਥਣ ਲਾਗੇ ਪਹੁੰਚੀ ਹੋਈ ਵੀਹਵੀਂ ਸਦੀ ਦੀ ਵਰਤਮਾਨ ਸਥਿਤੀ ਨੂੰ ਮੁਖ ਰਖਦਿਆਂ, ਇੱਕੀਵੀਂ ਸਦੀ ਦਾ ਮਨੁੱਖ, ਮੇਰੀ ਜਾਚੇ, ਉਨ੍ਹਾਂ ਦੀ ਦੱਸੀ-ਬਖਸ਼ੀ ਹੋਈ ਉਕਤ ਸਪਿਰਿਟ ਨੂੰ ਜਾਣੇ ਤੇ ਅਪਣਾਏ ਬਿਨਾਂ ਮਾਨਸਕ ਤੌਰ ਤੇ ਸੁਖੀ, ਸ਼ਾਂਤ ਤੇ ਸੰਤੋਖੀ ਹਰਗਿਜ਼ ਨਹੀਂ ਰਹਿ ਸਕੇਗਾ। ਅਜੋਕੀ ਅਸ਼ਾਂਤੀ, ਨਿਰਾਸਤਾ ਤੇ ਭ੍ਰਿਸ਼ਟਤਾ ਕਾਰਨ ਪੈਦਾ ਹੋਈ ਢਹਿੰਦੀ ਕਲਾ, ਉਪਰੋਕਤ ਸਪਿਰਿਟ ਨੂੰ ਅੰਦਰ ਵਸਾਏ ਤੇ ਰਚਾਏ ਜਾਣ ਨਾਲ ਹੀ "ਚੜ੍ਹਦੀ ਕਲਾ" ਵਿਚ ਬਦਲ ਸਕੇਗੀ, ਅਤੇ ਉਹ ਉਸੇ ਰਾਹੀਂ ਆਪਣੇ ਦਰਪੇਸ਼ ਚੁਣੌਤੀਆਂ ਨਾਲ ਟੱਕਰ ਲੈਣ ਤੇ ਉਨ੍ਹਾਂ ਉਤੇ ਉਜਿਹੀ ਫਤਿਹ ਪਰਾਪਤ ਕਰਨ ਦੇ ਯੋਗ ਹੋ ਸਕੇਗਾ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਹਰ ਤਰ੍ਹਾਂ ਦੇ ਮਸਲਿਆਂ, ਮੁਸ਼ਕਲਾਂ ਤੇ ਮੁਸੀਬਤਾਂ ਨਾਲ ਘਿਰੇ ਹੋਇਆਂ ਵੀ ਨਸੀਬ ਹੋਈ ਸੀ ਅਤੇ ਜੋ ਉਨ੍ਹਾਂ ਦੀਆਂ ਉਨ੍ਹਾਂ ਦੋ ਚਿੱਠੀਆਂ ਦੇ ਇਕ ਇਕ ਸ਼ਿਅਰ ਤੋਂ ਵਿਦਿਤ ਹੈ ਜੋ ਉਨ੍ਹਾਂ ਨੇ ਆਪਣੇ ਸਮੇਂ ਦੀ ਸਭ ਤੋਂ ਵੱਡੀ ਸਲਤਨੱਤ ਦੇ ਮਾਲਕ, ਔਰੰਗਜ਼ੇਬ ਆਲਮਗੀਰ, ਨੂੰ ਲਿਖ ਭੇਜੀਆਂ ਸਨ ਅਤੇ ਜਿਨ੍ਹਾਂ ਦੇ ਨਾਂ "ਫਤਿਹਨਾਮਾ" ਤੇ "ਜਫਰਨਾਮਾ" ਹਨ। ਇਸ ਲਈ ਇੱਕੀਵੀਂ ਸਦੀ ਵਿਚ ਦਾਖਲ ਹੋ ਰਹੇ ਖਾਲਸੇ ਦਾ ਇਕ ਮੁਖ ਕਰਤੱਵ ਖਾਲਸਈ ਵਿਰਸੇ ਤੋਂ ਪਰਾਪਤ ਇਸ ਨਿਆਰੀ ਸਪਿਰਿਟ ਦੀ ਸਾਂਝ ਨੂੰ ਖੁਦ ਆਪ ਨਵੇਂ ਚਾਅ ਤੇ ਉਤਸ਼ਾਹ ਸਹਿਤ ਗ੍ਰਹਿਣ ਤੇ ਦਰਿੜ੍ਹ ਕਰਨਾ ਹੈ। ਨਾਲ ਹੀ ਇਸ ਦੀ ਸੋਅ, ਸੋਭਾ ਤੇ ਲਾਭ ਅਤੇ ਸਾਂਝ ਇਸ ਧਰਤੀ ਦੇ ਉਨ੍ਹਾਂ ਮਨੁਖਾਂ ਨਾਲ ਵੀ ਪਾਉਣੀ ਹੈ ਜੋ ਅਜੇ ਤਕ ਇਸ ਤੋਂ ਬੇਖਬਰ ਹਨ।

ਦੂਜਾ ਭਾਗ

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਬਹੁਪੱਖੀ ਸੰਦੇਸ਼ ਤੇ ਉਪਦੇਸ਼ ਦੇ ਫਲਸਰੂਪ ਪਰਾਪਤ ਹੋਏ ਇਸ ਵਿਲੱਖਣ ਸਰੂਪ ਤੇ ਅਨੂਠੀ ਸਪਿਰਿਟ ਦਾ ਮੁਖ ਅੰਗ ਉਹ ਧਾਰਮਕ, ਸਮਾਜਕ, ਆਚਰਨਕ ਤੇ ਅਨੁਸ਼ਾਸਨਕ ਕੋਡ (code of Khalsa conduct and discipline) ਹੈ ਜਿਸ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਆਪ ਆਖਰੀ ਦਮ ਤਕ ਪਹਿਰਾ ਦਿੱਤਾ ਸੀ ਅਤੇ ਜੋ ਉਨ੍ਹਾਂ ਦੇ ਹਜ਼ਾਰਾਂ ਸਿਦਕੀ ਸਿੱਖਾਂ ਦੀ, ਮਹਾਂ ਬਿਖੜੇ ਸਮੇਂ ਵਿਚ ਵੀ ਅਤੇ ਅਜੇ ਤਕ,

ਅਮਲੀ ਜਿੰਦਗੀ ਦਾ ਅਨਿੱਖੜ ਅੰਗ ਬਣੀ ਹੋਈ ਹੈ। ਜਿਥੋਂ ਤਕ ਇਸ ਦੇ ਧਾਰਮਕ ਪੱਖ ਦਾ ਸਬੰਧ ਹੈ, ਉਸ ਦੀ ਨੀਂਹ ਤੇ ਟੇਕ ਗੁਰੂ ਗੋਬਿੰਦ ਸਿੰਘ ਜੀ ਨੇ ਇੱਕੋ ਪਰਮਾਤਮਾ ਅਤੇ ਉਸ ਦੀ ਸਰਬਕਾਲੀ, ਸਰਬ ਵਿਆਪਕ ਤੇ ਸਰਬਸ਼ਕਤੀਮਾਨ ਹਸਤੀ ਵਿਚ ਅਟੱਲ ਵਿਸ਼ਵਾਸ ਉਤੇ ਰੱਖੀ ਸੀ।

ਵੀਹਵੀਂ ਸਦੀ ਦੇ ਮਨੁੱਖ ਨੂੰ ਪਦਾਰਥਵਾਦੀ, ਸਾਮਵਾਦੀ ਤੇ ਧਰਮ-ਨਿਰਪੇਖਵਾਦੀ ਸਿਧਾਂਤਾਂ, ਅਧਾਰਮਕ ਤੇ ਅਕ੍ਰਿਤਘਣਤਕ ਰੁਚੀਆਂ ਅਤੇ ਵਧ ਤੋਂ ਵੱਧ ਮਾਇਆ ਦੀ ਪਰਾਪਤੀ ਲਈ ਹੋ ਰਹੀ ਦੌੜ-ਭੱਜ ਨੇ ਅਜਿਹਾ ਘੇਰੇ ਰਖਿਆ ਹੈ ਕਿ ਬਹੁਤ ਸਾਰੇ ਮਨੁਖਾਂ ਨੂੰ ਰੱਬ ਭੁੱਲਿਆ ਹੀ ਰਿਹਾ ਹੈ। ਕਈਆਂ ਦੇ ਦਿਲਾਂ ਉਤੋਂ ਤਾਂ ਉਸ ਦੀ ਹਸਤੀ ਦਾ ਵਿਸ਼ਵਾਸ ਹੀ ਉਠਦਾ, ਘਟਦਾ ਜਾਂ ਮੁਕਦਾ ਰਿਹਾ। ਉਨ੍ਹਾਂ ਵਿਚੋਂ ਵੀ ਕਈਆਂ ਨੇ ਤਾਂ ਉਸ ਨੂੰ ਬੇਨਤੀਆਂ ਕਰਨ, ਉਸ ਦੀਆਂ ਮਿਹਰਾਂ ਉਤੇ ਨਿਸ਼ਚਾ ਧਾਰਨ ਅਤੇ ਉਸ ਦੀਆਂ ਬਖਸ਼ਸ਼ਾਂ ਦਾ ਧੰਨਵਾਦ ਕਰਨ ਦੀ ਥਾਂ; ਉਸ ਨੂੰ ਨਿੰਦਣਾ, ਭੰਡਣਾ ਤੇ ਉਸ ਦੀ ਜਾਤ ਵਿਚ ਅਵਿਸ਼ਵਾਸ਼ ਪੈਦਾ ਕਰਨਾ ਹੀ ਆਪਣੇ ਜੀਵਨ ਦਾ ਮਿਸ਼ਨ ਬਣਾਏ ਰਖਿਆ ਹੈ। ਇਸ ਲਈ ਮਨੁਖਤਾ ਦਾ ਅਜਿਹਾ ਹਿੱਸਾ ਜਾਂ ਵਰਗ, ਬਹੁਤ ਹੱਦ ਤੱਕ, ਡਾਂਵਾਂਡੋਲ ਹੀ ਰਿਹਾ ਹੈ ਅਤੇ ਘਾਤਕ ਖਿੱਚੋਤਾਣ ਤੇ ਖੂਨ-ਖਰਾਬੇ ਦਾ ਸ਼ਿਕਾਰ ਵੀ ਬਣਿਆ ਰਿਹਾ ਹੈ।

ਸੋ, ਇਕੀਵੀਂ ਸਦੀ ਦੇ ਮਨੁੱਖ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸੰਘਰਸ਼ ਅਤੇ ਉਸ ਵਿਚ ਫਤਿਹ ਪਾਉਣ ਲਈ ਧਾਰਿਆ ਨਿਸਚਾ ਤੇ ਉਸ ਦੀ ਅੰਤਮ ਸੁਆਸਾਂ ਤਕ ਕਾਇਮੀ, ਆਪਣੇ ਆਪ ਵਿਚ ਹੀ ਇਕ ਸੁਨਹਿਰੀ ਸੰਦੇਸ਼ ਹੈ। ਇਸੇ ਸੰਦੇਸ਼ ਵਿਚ ਉਪਰੋਕਤ ਪਦਾਰਥਵਾਦੀਆਂ, ਫੋਕਟ ਧਰਮੀਆਂ, ਮਾਇਆਧਾਰੀਆਂ ਤੇ ਪਖੰਡੀ "ਮੂਰਖਾਂ" ਨੂੰ ਇਹੋ ਜਿਹੀਆਂ ਤਾੜਨਾਵਾਂ ਤੇ ਚੇਤਾਵਨੀਆਂ ਵੀ ਸ਼ਾਮਲ ਹਨ ਜੋ ਇੱਕੀਵੀਂ ਸਦੀ ਦੇ ਮਨੁੱਖ ਲਈ ਉਨ੍ਹਾਂ ਤੋਂ ਸੁਚੇਤ ਰਹਿਣ ਲਈ ਗਾਡੀਰਾਹ ਵੀ ਸਿਧ ਹੋ ਸਕਦੀਆਂ ਹਨ :

ਆਂਖਨ ਭੀਤਰ ਤੇਲ ਕੌ ਡਾਰ ਸੁ,
ਲੋਗਨ ਨੀਰੁ ਬਹਾਇ ਦਿਖਾਵੈ।
ਜੋ ਧਨਵਾਨੁ ਲਖੈ ਨਿਜ ਸੇਵਕ,
ਤਾਹੀ ਪਰੋਸ ਪ੍ਰਸਾਦਿ ਜਿਮਾਵੈ।
ਜੋ ਧਨਹੀਨ ਲਖੈ ਤਿਹ ਦੇਤ ਨ,
ਮਾਂਗਨ ਜਾਤ ਮੁਖੋ ਨ ਦਿਖਾਵੈ।
ਲੂਟਤ ਹੈ ਪਸੁ ਲੋਗਨ ਕੋ,
ਕਬਹੂੰ ਨ ਪ੍ਰਮੇਸਰ ਕੇ ਗੁਨ ਗਾਵੈ।[10]

ਇੱਕੀਵੀਂ ਸਦੀ ਵਿਚ ਪਰਵੇਸ਼ ਕਰ ਰਹੇ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਦਾ ਇਕ ਇਹ ਵੀ ਅਤੀ ਜ਼ਰੂਰੀ ਫ਼ਰਜ਼ ਜਾਂ ਕਰਤੱਵ ਹੈ ਕਿ ਉਹ ਆਪਣੇ ਸਾਜਨਹਾਰ ਦੇ ਅਜਿਹੇ ਨਿਸਚੇ ਨੂੰ ਆਪਣੇ ਆਪ ਵਿਚ ਦਰਿੜ੍ਹ ਕਰੇ; ਅਤੇ ਇਸ ਤੋਂ ਵਿਰਵੇ ਲੋਕਾਂ ਨੂੰ ਇਸ ਦੀ ਲਾਗ ਲਾ-ਲੁਆ ਕੇ ਅਕਾਲਪੁਰਖ ਦਾ ਵਿਸ਼ਵਾਸੀ ਬਣਾਉਣ ਲਈ, ਆਪਣੀ ਸਮਝ ਤੇ ਸਮਰੱਥਾ ਅਨੁਸਾਰ, ਲੁੜੀਂਦੇ ਜਤਨ ਕਰਦਾ ਰਹੇ।

ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪਾਵਨ ਵਿਸ਼ਵਾਸ ਤੇ ਸੰਦੇਸ਼ ਜਿਥੇ ਮਨੁਖੀ ਆਤਮਾ ਨੂੰ ਸੁੱਖ ਸ਼ਾਂਤੀ ਦੀ ਪਰਾਪਤੀ ਲਈ ਆਪਣੇ ਪਰਮ-ਆਤਮਾ ਨਾਲ ਜੁੜਨ ਤੇ ਜੁੜੇ ਰਹਿਣ ਲਈ ਇਉਂ ਪਰੇਰਦਾ ਹੈ, ਉਥੇ ਮਨੁੱਖ ਨੂੰ ਮਨੁੱਖ ਨਾਲ ਜੁੜਨ ਤੇ ਜੁੜੇ ਰਹਿਣ ਲਈ ਵੀ ਅਜਿਹੇ ਸਾਰਥਕ, ਸਪਸ਼ੱਟ ਤੇ ਉਤਸ਼ਾਹ-ਪੂਰਤ ਸ਼ਬਦਾਂ ਵਿਚ ਅਜਿਹੀ ਭਰਪੂਰ ਪਰੇਰਨਾ ਕਰਦਾ ਹੈ ਜੋ ਮਨੁੱਖ ਦੇ ਧਾਰਮਕ ਤੇ ਸਮਾਜਕ ਇਤਿਹਾਸ ਵਿਚ ਆਪਣੀ ਮਿਸਾਲ ਆਪ ਹੈ। ਭਿੰਨ-ਭਿੰਨ ਧਰਮਾਂ ਤੇ ਸੰਪਰਦਾਵਾਂ ਦੇ ਮਤ-ਭੇਦਾਂ, ਛੂਤ-ਛਾਤ ਦੇ ਖੇਖਣਾਂ, ਜਾਤ-ਜਨਮ ਦੇ ਵਿਤਕਰਿਆਂ, ਰੰਗ-ਨਸਲ-ਜਿਨਸ ਦੇ ਵਖਰੇਵਿਆਂ, ਕੰਮ-ਕਿੱਤੇ ਦੇ ਨਿਖੇੜਿਆਂ ਅਤੇ ਵਹਿਮਾਂ-ਭਰਮਾਂ ਦੀਆਂ ਜਿੱਲ੍ਹਣਾਂ ਵਿਚ ਉਲਝੇ ਹੋਏ ਤੇ "ਖਹਿ ਖਹਿ ਮਰਦੇ" ਲੋਕਾਂ ਨੂੰ ਨਿਰਭੈ, ਨਿਰਵੈਰ ਤੇ ਚੜ੍ਹਦੀ ਕਲਾ ਦੇ ਪੁੰਜ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਇਹ ਏਲਾਨੀਆ ਆਖਿਆ ਸੀ :

ਕੋਊ ਭਇਓ ਮੁੰਡੀਆ, ਸੰਨਿਆਸੀ ਕੋਊ ਜੋਗੀ ਭਇਓ ;
ਕੋਊ ਬ੍ਰਹਮਚਾਰੀ, ਕੋਊ ਜਤੀ ਅਨੁਮਾਨਬੋ ।
ਹਿੰਦੂ, ਤੁਰਕ ਕੋਊ ਰਾਫ਼ਜ਼ੀ, ਇਮਾਮ ਸਾਫ਼ੀ;
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ।
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ;
ਦੂਸਰੋ ਨ ਭੇਦੁ ਕੋਈ, ਭੂਲਿ ਭ੍ਰਮ ਮਾਨਬੋ ।
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ;
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ ।[11]

ਇਕ-ਈਸ਼ਵਰਤਾ, ਵਿਸ਼ਵ-ਏਕਤਾ ਤੇ ਮਾਨਵ-ਪਿਆਰ ਦਾ ਅਜਿਹਾ ਅਦੁੱਤੀ ਤੇ ਇਨਕਲਾਬੀ ਨਾਅਰਾ ਅਤੇ ਸਰਬ-ਸਾਂਝਾ ਸੰਦੇਸ਼ ਕੇਵਲ ਸਤਾਰ੍ਹਵੀਂ ਸਦੀ ਹੀ ਨਹੀਂ ਜਿਸ ਵਿਚ ਕਿ ਇਹ ਦਿੱਤਾ ਗਿਆ ਸੀ, ਸਿਰਫ਼ ਇੱਕੀਵੀਂ ਸਦੀ ਹੀ ਨਹੀਂ, ਜਿਸ ਵਿਚ ਅਸੀਂ ਦਾਖਲ ਹੋਣ ਵਾਲੇ ਹਾਂ; ਕੇਵਲ ਹਿੰਦੁਸਤਾਨ, ਜਿਸ ਦੀ ਧਰਤੀ ਉਤੇ ਇਹ ਉਚਾਰਿਆ ਗਿਆ ਸੀ, ਲਈ ਹੀ ਪ੍ਰਾਸੰਗਕ, ਕਾਰਗਰ ਤੇ ਮਖਸੂਸ ਨਹੀਂ ਸੀ । ਇਹ ਤਾਂ ਸਗੋਂ ਸਭ ਸਮਿਆਂ ਦੇ, ਸਭ ਦੇਸਾਂ ਤੇ ਸਭ ਲੋਕਾਂ ਲਈ ਸਮਾਨ ਤੇ ਸਦੀਵੀ ਤੌਰ ਤੇ ਸਾਰਥਕ, ਅਨੁਕੂਲ ਤੇ ਢੁਕਵਾਂ ਹੈ । ਇਹ ਇਕ ਅਜਿਹੀ ਹਾਰਦਿਕ ਤੇ ਵਿਸ਼ਵ-ਵਿਆਪੀ ਅਵਾਜ ਦਾ ਲਖਾਇਕ ਹੈ ਜੋ ਜਿਉਂ ਜਿਉਂ ਸਮਾਂ ਬੀਤਦਾ ਜਾਏਗਾ, ਜਿਉਂ ਜਿਉਂ ਮਨੁੱਖ ਵਿਚ ਮਨੁੱਖੀ ਭਾਵਨਾ ਦਾ ਅਹਿਸਾਸ ਤੀਬਰ ਹੁੰਦਾ ਜਾਏਗਾ, ਤਿਉਂ-ਤਿਉਂ ਬਹੁਤ ਉਚੇਰੀ ਅਤੇ ਹੋਰ ਉਚੇਰੀ ਹੁੰਦੀ ਜਾਏਗੀ ।

ਪਰ ਮਨੁੱਖਤਾ ਦੇ ਮਹਾਨ ਤੇ ਲੋਕ-ਹਿਤੈਸ਼ੀ ਉਸਰੱਈਏ, ਗੁਰੂ ਗੋਬਿੰਦ ਸਿੰਘ ਜੀ, ਨੇ ਕੇਵਲ ਇਹ ਤੇ ਇੰਨਾ ਕੁ ਹੀ ਕਹਿ ਕੇ ਬਸ ਨਹੀਂ ਕਰ ਦਿੱਤੀ ਸੀ । ਉਨ੍ਹਾਂ ਨੇ ਤਾਂ ਬੜੇ ਬਿਖੜੇ ਹਾਲਾਤ, ਪੱਖਪਾਤੀ ਵਾਤਾਵਰਣ ਅਤੇ ਤੁਅੱਸਬੀ ਆਲੇ-ਦੁਆਲੇ ਵਿਚ ਵਿਚਰਦਿਆਂ ਵੀ ਅਤੇ ਕਿਸੇ ਦੀ ਵੀ ਕੋਈ ਪਰਵਾਹ ਹੀ ਨਾ ਕਰਦਿਆਂ, ਬੜੀ ਸੁਹਿਰਦਤਾ ਤੇ ਨਿਧੜਕਤਾ ਨਾਲ ਇਹ ਵੀ ਮਾਨੋ ਏਲਾਨੀਆ ਦੱਸਣ ਤੇ ਦ੍ਰਿੜ੍ਹਾਉਣ ਦੀ ਦਲੇਰੀ ਕਰ ਦਿੱਤੀ ਸੀ :

ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ ;
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ।
ਦੇਵਤਾ, ਅਦੇਵ, ਜੱਛ, ਗੰਧ੍ਰਬ, ਤੁਰਕ, ਹਿੰਦੂ;
ਨਿਆਰੇ ਨਿਆਰੇ ਦੇਸਨ ਕੇ, ਭੇਸ ਕੋ ਪ੍ਰਭਾਉ ਹੈ ।
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ;
ਖਾਕ ਬਾਦ, ਆਤਿਸ਼ ਔ ਆਬ ਕੌ ਰਲਾਉ ਹੈ ।
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ ;
ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ । [12]

ਇਤਿਹਾਸ ਇਸ ਗੱਲ ਦਾ ਵੀ ਸ਼ਾਹਦ ਹੈ ਕਿ ਰੱਬ ਦੀ ਇੱਕਵਤਾ (Oneness of God) ਅਤੇ ਮਨੁੱਖ ਦੀ ਭਰਾਤਰੀਅਤਾ (Brotherhood of Man) ਦੇ ਇਸ ਬੇਬਾਕ ਤੇ ਅਲੌਕਿਕ, ਸਚਾਵੇਂ ਤੇ ਵਿਗਿਆਨਕ ਵਰਨਣ ਨੇ ਭੁਲੇ-ਭਟਕੇ ਲੋਕਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ । ਸੱਯਦ ਬੁੱਧੂਸ਼ਾਹ ਵਰਗੇ ਮੁਸਲਮਾਨ ਪੀਰ ਵੀ ਧਰਮ-ਯੁੱਧ ਦਾ ਨਗਾਰਾ ਵਜਦਿਆਂ ਹੀ, ਆਪਣੇ ਸਪੁੱਤਰਾਂ ਤੇ ਮੁਰੀਦਾਂ ਦੀ ਆਹੂਤੀ ਪਾਉਣ ਲਈ ਆਪੇ ਨਿੱਤਰ ਆਏ ਸਨ । ਭਾਈ ਘਨਈਏ ਵਰਗੇ ਸਿਦਕੀ ਸਿੱਖ ਵੀ ਰਣਭੂਮੀ ਵਿਚ ਤਿਹਾਏ ਤੜਫ ਰਹੇ ਮੁਗਲ ਜਾਬਰਾਂ ਨੂੰ ਵੀ ਪਾਣੀ ਪਿਲਾਉਣ ਅਤੇ ਮੱਲ੍ਹਮਾਂ ਲਾਉਣ ਲਈ ਆਪੇ ਤਤਪਰ ਹੋ ਗਏ ਸਨ ।

ਵੀਹਵੀਂ ਸਦੀ ਵਿਚ ਹਿਟਲਰ ਤੇ ਮੁਸੋਲੀਨੀ ਵਰਗੇ ਲੋਕ-ਦੁਸ਼ਮਣਾਂ ਨੇ ਨਿਰਦੋਸ਼ ਤੇ ਬੇਬਸ ਮਨੁੱਖਤਾ ਦੀ ਜੋ ਦੁਰਗਤੀ ਤੇ ਮਾਰ-ਧਾੜ ਕੀਤੀ ਸੀ, ਉਸ ਨੂੰ ਮੁਖ ਰਖਦਿਆਂ, ਉਹੋ ਕੁਝ ਜਾਂ ਉਸ ਤੋਂ ਵਧ-ਘਟ ਇੱਕੀਵੀਂ ਸਦੀ

ਵਿਚ ਵੀ ਹੋ ਸਕਦਾ ਹੈ। ਇਸ ਲਈ ਇਕੀਵੀਂ ਸਦੀ ਦੇ ਮਨੁਖ ਨੂੰ ਉਸ ਚੁਣੌਤੀ ਦਾ ਵੀ ਸਾਮ੍ਹਣਾ ਕਰਨ ਅਤੇ ਆਪਣਾ ਧਰਮ-ਇਮਾਨ, ਕੌਮੀ ਪਛਾਣ, ਅਚਾਰ-ਵਿਹਾਰ, ਜਾਨ-ਮਾਲ ਤੇ ਇਜ਼ਤ-ਆਬਰੋ ਆਦਿ ਬਚਾਉਣ ਵਾਸਤੇ ਕੋਈ ਨਾ ਕੋਈ ਬਾਨ੍ਹਣੂੰ ਬੰਨ੍ਹਣਾ ਅਤੇ ਉਵੇਂ ਹੀ ਜੂਝਣਾ ਪਏਗਾ। ਗੁਰੂ ਗੋਬਿਦ ਸਿੰਘ ਜੀ ਦੇ ਗੁਰੂ-ਪਿਤਾ ਦੀ ਪਾਵਨ ਤੇ ਬੇਜੋੜ ਕੁਰਬਾਨੀ, ਉਨ੍ਹਾਂ ਦਾ ਆਪਣਾ ਜੀਵਨ-ਸੰਘਰਸ਼ ਅਤੇ ਉਸ ਵਿਚ ਵਾਰਿਆ ਸਾਰਾ ਵੰਸ਼; ਅਤੇ ਉਸ ਵਿਚ ਜੂਝਣ ਲਈ ਦਿੱਤਾ ਸੰਦੇਸ਼ ਅਤੇ ਭਰੀ ਹੋਈ "ਚੜ੍ਹਦੀ ਕਲਾ" ਵਾਲੀ ਸਪਿਰਿਟ ਉਸ ਦੀ ਇਸ ਸਬੰਧ ਵਿਚ ਵੀ ਲੁੜੀਂਦੀ ਅਗਵਾਈ ਤੇ ਸਹਾਇਤਾ ਕਰ ਸਕਦੀ ਹੈ।

ਇਸ ਲਈ ਇੱਕੀਵੀਂ ਸਦੀ ਵਿਚ ਵਿਚਰਨ ਵਾਲੇ ਖਾਲਸੇ ਦਾ ਇਕ ਇਹ ਵੀ ਫ਼ਰਜ਼ ਹੈ ਕਿ ਉਹ ਆਪਣੇ ਪਾਵਨ ਗੁਰਦੇਵ ਦੇ ਇਸ ਸੰਦੇਸ਼ ਤੇ ਸਪਿਰਿਟ ਨੂੰ ਸਾਥੀ ਮਨੁਖਾਂ ਵਿਚ ਵੀ ਪਰਚਾਰਨ ਤੇ ਪਰਸਾਰਨ ਲਈ ਉਵੇਂ ਹੀ ਤਤਪਰ ਹੋ ਜਾਏ ਜਿਵੇਂ ਉਨ੍ਹਾਂ ਦੇ ਸਾਜੇ-ਨਿਵਾਜੇ ਪਹਿਲੇ ਤੇ ਪਿਛਲੇ ਪਰਉਪਕਾਰੀ ਗੁਰਸਿੱਖ ਆਪੋ-ਆਪਣੇ ਸਮੇਂ ਤੇ ਸਦੀਆਂ ਵਿਚ ਤਤਪਰ ਰਹੇ ਹਨ।

2

ਜਿਥੋਂ ਤਕ ਅਜੋਕੇ ਆਚਰਨਕ ਖੇਤਰ ਦਾ ਸਬੰਧ ਹੈ, ਉਸ ਦੇ ਕੇਵਲ ਇਕੋ, ਭਾਵ ਦੁਰਾਚਾਰਕ, ਪੱਖ ਦਾ ਜ਼ਿਕਰ ਕਰਦਿਆਂ, ਧਰਮ-ਕਰਮ, ਸਦਾਚਾਰ ਤੇ ਲੋਕ-ਲਾਜ ਦੀ ਭਾਵਨਾ ਸ਼ਰਮਸਾਰ ਹੁੰਦੀ ਹੈ। ਇਸ ਸਿਲਸਲੇ ਵਿਚ ਮਨੁਖਤਾ ਦੇ ਪੱਛਮੀ ਭਾਗ ਨੇ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਬੜੀਆਂ ਲੰਮੀਆਂ ਲਾਂਘਾਂ ਪੁਟੀਆਂ ਹਨ। ਪਿਛਲੀ ਚੌਥਾਈ ਵਿਚ ਪੂਰਬੀ ਭਾਗ ਨੇ ਵੀ, ਉਸ ਦੀ ਰੀਸ-ਪ੍ਰੀਸੀ,ਆਪਣੇ ਕਦਮ ਚੋਖੇ ਵਧਾ ਲਏ ਹਨ। ਜਿਨਸੀ ਜਾਂ ਭੋਗ-ਬਿਲਾਸੀ ਭੁਖ ਨੂੰ ਤ੍ਰਿਪਤਾਉਣ ਲਈ ਹਰ ਤਰ੍ਹਾਂ ਦੀ ਲਾਜ-ਪਤ, ਆਚਾਰ-ਵਿਹਾਰ ਅਤੇ ਕਿਤੇ ਕਿਤੇ ਤਾਂ, ਸੂਝ-ਬੂਝ ਵੀ ਛਿੱਕੇ ਉਤੇ ਟੰਗ ਦਿੱਤੀ ਗਈ ਜਾਪਦੀ ਹੈ। ਸਿਨਮੇ, ਟੈਲੀਵਿਜ਼ਨ, ਸਮਲਿੰਗੀ ਜਲੂਸਾਂ ਤੇ ਲੱਚਰ-ਪ੍ਰੋਗਰਾਮਾਂ ਆਦਿ ਨੇ ਰਹਿੰਦੀ-ਖੂੰਹਦੀ ਕਸਰ ਵੀ ਪੂਰੀ ਕਰ ਦਿਤੀ ਹੈ। ਅਜਿਹੀ ਹੱਦਾਂ-ਟੱਪੂ ਬੇਪਰਦਗੀ ਅਤੇ ਅੰਤਾਂ ਦੀ "ਖੁਲ੍ਹ" ਨੇ ਮਨੁਖ ਨੂੰ ਏਡਜ਼ ਵਰਗੀਆਂ ਅਜਿਹੀਆਂ ਲਾ-ਇਲਾਜ ਬਿਮਾਰੀਆਂ ਨਾਲ ਨੂੜ ਦਿਤਾ ਹੈ ਕਿ ਜਿਨ੍ਹਾਂ ਦਾ ਉਸ ਪਾਸ ਅਜੇ ਤਕ ਕੋਈ ਇਲਾਜ ਮੌਜੂਦ ਨਹੀਂ। ਨਤੀਜੇ ਵਜੋਂ ਅਜਿਹੀ ਖੁਲ੍ਹੀ-ਡੁੱਲ੍ਹੀ, ਬੇਸਮਝ ਤੇ ਬੇਮੁਹਾਰ ਵਿਸ਼ੇ-ਵਾਸਨਾ ਦਾ ਸ਼ਿਕਾਰ ਮਨੁੱਖ ਹੱਦੋਂ ਵਧ ਪਰੇਸ਼ਾਨ ਹੈ ਅਤੇ ਉਸ ਦਾ ਚੋਖਾ ਨਰੋਇਆ ਅੰਗ ਆਪਣੀ ਮੌਤੇ ਆਪ ਹੀ ਮਰ ਰਿਹਾ ਹੈ। ਇਸ ਦਾ ਮੁਖ ਕਾਰਨ ਉਸ ਦੀ ਦੁਰਾਚਾਰੀ ਰੁਚੀ ਅਤੇ ਪਰ-ਪੁਰਸ਼ ਜਾਂ ਪਰ-ਨਾਰੀ ਗਮਨ ਹੀ ਹੈ ਜੋ ਅਗਲੀ ਸਦੀ ਦੇ ਮਨੁੱਖ ਲਈ ਵੀ ਇਕ ਭਾਰੀ ਚੁਣੌਤੀ ਬਣਿਆ ਰਹੇਗਾ ਜੇ ਉਹ ਇਸ ਦੀਆਂ ਬੇਮੁਹਾਰ ਵਾਗਾਂ ਨੂੰ ਇਉਂ ਹੀ ਢਿੱਲੀਆਂ ਛੱਡੀ ਰਖੇਗਾ।

ਗੁਰੂ ਗੋਬਿੰਦ ਸਿੰਘ ਜੀ ਵਿਭਚਾਰ ਦੇ ਭੈੜੇ ਤੇ ਖਤਰਨਾਕ ਨਤੀਜਿਆਂ ਤੋਂ ਇਸ ਕਦਰ ਸੁਚੇਤ ਸਨ ਕਿ ਉਨ੍ਹਾਂ ਨੇ ਇਸ ਦੁਰਾਚਾਰ ਨੂੰ ਖਾਲਸੇ ਦੀ ਸਿਰਜਨਾ ਸਮੇਂ ਹੀ, ਉਸ ਨੂੰ ਦੱਸੇ ਅਨੁਸ਼ਾਸਨ (discipline) ਵਿਚ ਸ਼ਾਮਲ ਕਰ ਦਿੱਤਾ ਸੀ। ਇਸ ਮਹਾਂ-ਕੁਕਰਮ, ਭਾਵ ਵਿਭਚਾਰ ਨੂੰ ਤਾਂ ਉਨ੍ਹਾਂ ਨੇ ਚਾਰ "ਕੁਰਹਿਤਾਂ" ਦਾ ਇਕ ਵਿਸ਼ੇਸ਼ ਅੰਗ ਹੀ ਬਣਾ ਦਿਤਾ ਸੀ ਜਿਨ੍ਹਾਂ ਨੂੰ "ਬੱਜਰ ਕੁਰਹਿਤਾਂ" ਆਖਿਆ ਜਾਂਦਾ ਹੈ ਅਤੇ ਜਿਨ੍ਹਾਂ ਦੇ ਭਾਗੀ ਹੋ ਜਾਣ ਕਾਰਨ ਸਿੱਖ "ਪਤਿਤ" ਸਮਝਿਆ ਜਾਂਦਾ ਹੈ।

ਸੋ, ਜਿਹੜੀ ਹਰਕਤ, ਫਿਕਰ ਜਾਂ ਦੁੱਖ ਵੀਹਵੀਂ ਸਦੀ ਦੇ ਮਨੁੱਖ ਨੂੰ ਅੱਜ ਤੜਫਾਅ ਰਿਹਾ ਹੈ, ਉਸ ਦਾ ਕੇਵਲ ਅਹਿਸਾਸ ਹੀ ਨਹੀਂ, ਸਗੋਂ ਇਲਾਜ ਵੀ ਦਸਵੇਂ ਪਾਤਸ਼ਾਹ ਨੇ ਅਜ ਤੋਂ ਤਿੰਨ ਸੌ ਸਾਲ ਪਹਿਲਾਂ ਹੀ ਦੱਸ ਦਿੱਤਾ ਸੀ। ਆਪਣੀ ਸਾਜੀ-ਸੰਵਾਰੀ ਉੱਮਤ ਨੂੰ ਤਾਂ ਇਸ ਕੁਕਰਮ ਤੋਂ ਹਮੇਸ਼ਾ ਬਾਜ਼ ਰਹਿਣ ਲਈ ਹੁਕਮਨ ਮਨ੍ਹਾ ਵੀ ਕਰ ਦਿਤਾ ਸੀ।

ਇੱਕੀਵੀਂ ਸਦੀ ਵਿਚ ਪਰਵੇਸ਼ ਕਰ ਰਿਹਾ ਖਾਲਸਾ ਆਪਣੇ ਪਾਵਨ ਦਸਮੇਸ਼ ਦੇ ਇਸ ਉਪਦੇਸ਼ ਉਤੇ ਵੀ ਜੇ ਪਾਬੰਦ ਰਹੇਗਾ ਅਤੇ ਸਾਥੀ ਮਨੁੱਖਾਂ ਨੂੰ ਵੀ ਇਸ ਤੋਂ ਜਾਣੂੰ ਕਰਾਉਣ ਦਾ ਉਦਮ ਕਰਦਾ ਰਹੇਗਾ ਤਾਂ ਉਹ ਇਕ ਹੋਰ

ਅਤੀ ਜਰੂਰੀ ਕਰਤੱਵ ਦੀ ਵੀ ਪਾਲਨਾ ਕਰ ਰਿਹਾ ਹੋਵੇਗਾ ਅਤੇ ਲੱਖਾਂ ਹੀ ਜਿੰਦਗੀਆਂ ਨੂੰ ਦੁਖਾਵੀਂ ਤੇ ਅਣ-ਆਈ ਮੌਤੇ ਮਰਨ ਤੋਂ ਬਚਾਉਣ ਦਾ ਪਰਉਪਕਾਰੀ ਸੁਭਾਗ ਵੀ ਪਰਾਪਤ ਕਰਦਾ ਰਹੇਗਾ।

ਦਸਮੇਸ਼ ਪਿਤਾ ਦੇ ਉਸ ਪਾਵਨ ਬਹੁਪੱਖੀ ਸੰਦੇਸ਼ ਦੇ ਇਸ ਅਨੁਸ਼ਾਸਨੀ ਅੰਗ ਵਿਚ ਇਕ ਹੋਰ ਅਜਿਹੀ "ਮਨਾਹੀ" ਵੀ ਸ਼ਾਮਲ ਹੈ ਜੋ ਉਨ੍ਹਾਂ ਦੀ ਉਸੇ ਤਰ੍ਹਾਂ ਦੀ ਲੋਕ-ਹਿਤੈਸ਼ਤਾ ਤੇ ਦੂਰ-ਦਰਸ਼ਤਾ ਦੀ ਭਰਵੀਂ ਸਾਖ ਭਰਦੀ ਹੈ। ਉਹ ਇੱਕੀਵੀਂ ਸਦੀ ਦੀ ਮਨੁੱਖਤਾ ਨੂੰ ਦਰਪੇਸ਼ ਇਕ ਹੋਰ ਅਹਿਮ ਚੁਣੌਤੀ ਦੇ ਕੇਵਲ ਅਹਿਸਾਸ ਦੀ ਹੀ ਨਹੀ, ਸਗੋਂ ਤਾੜਨਾ ਤੇ ਇਲਾਜ ਦੀ ਵੀ ਪਿਛਲੇ ਤਿੰਨ ਸੌ ਸਾਲਾਂ ਤੋਂ ਬਾਕਾਇਦਾ ਅਗਵਾਨੀ ਕਰ ਰਹੀ ਹੈ। ਇਸ ਤੋਂ ਮੇਰਾ ਭਾਵ 'ਤਮਾਕੂ' ਜਿਸ ਨੂੰ 'ਜਗਤ-ਜੂਠ' ਵੀ ਕਿਹਾ ਗਿਆ ਹੈ, ਦੀ ਵਰਤੋਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ, ਹੇਠ-ਲਿਖੀ ਮੌਕੇ ਦੀ ਗਵਾਹੀ ਅਨੁਸਾਰ, ਹੁਕਮਨ ਮਨਾਹੀ ਹੈ :

ਕੀਏ ਜਦ ਬਚਨ ਸਤਿਗੁਰੂ ਕਾਰਨ ਕਰਨ,
ਸਰਬ ਸੰਗਤਿ ਆਦਿ ਅੰਤਿ ਮੇਰਾ ਖਾਲਸਾ। ...
ਹੁੱਕਾ ਨਾ ਪੀਵੈ, ਸੀਸ ਦਾੜ੍ਹੀ ਨਾ ਮੁਡਾਵੇ,
ਸੋ ਤੋ ਵਾਹਿਗੁਰੁ, ਵਾਹਿਗੁਰੂ ਗੁਰੂ ਜੀ ਕਾ ਖਾਲਸਾ। [13]

ਇਹ, ਭਾਵ ਤਮਾਕੂ-ਨੋਸ਼ੀ, ਵੀ ਉਨ੍ਹਾਂ "ਚਾਰ ਬੱਜਰ ਕੁਰਹਿਤਾਂ" ਵਿਚ ਸ਼ਾਮਲ ਹੈ ਜਿਨ੍ਹਾਂ ਦੇ ਭਾਗੀ ਨੂੰ, ਖਾਲਸਾ-ਅਨੁਸ਼ਾਸਨ ਅਨੁਸਾਰ 'ਪਤਿਤ' ਮੰਨਿਆ ਜਾਂਦਾ ਹੈ।

ਮਨੁਖਤਾ ਦੇ ਪੱਛਮੀ ਭਾਗ ਨੂੰ ਇਸ ਦੀ ਵਰਤੋਂ ਦੇ ਘਾਤਕ ਨੁਕਸਾਨ ਦਾ ਅਹਿਸਾਸ ਪਿਛਲੇ ਕੁਝ ਦਹਾਕਿਆਂ ਵਿਚ ਹੀ ਹੋਣਾ ਸ਼ੁਰੂ ਹੋਇਆ ਅਤੇ ਜਿਉਂ ਜਿਉਂ ਉਸ ਦੀ ਜਾਣਕਾਰੀ ਤੇ ਸਮਝ-ਸੂਝ ਦਾ ਦਾਇਰਾ ਵਧ ਰਿਹਾ ਹੈ, ਉਸ ਨੂੰ ਸਰਕਾਰੀ ਤੌਰ ਤੇ ਵੀ ਵਰਜਿਆ ਜਾ ਰਿਹਾ ਹੈ। ਇਸ ਦੀ ਵਰਤੋਂ ਨਾਲ ਹੋ ਰਹੀਆਂ ਮੌਤਾਂ ਦਾ ਦਰ ਇਤਨੀ ਤੇਜ਼ੀ ਨਾਲ ਉਚੀ ਪੱਧਰ ਤੇ ਪਹੁੰਚ ਰਿਹਾ ਹੈ ਕਿ ਜੇ ਇਸ ਮਾਰੂ ਜ਼ਹਿਰ ਨੂੰ ਸਿਗਰਟਾਂ ਤੇ ਹੁੱਕੀਆਂ ਆਦਿ ਦੇ ਰੂਪ ਵਿਚ ਬਣਾ-ਸੰਵਾਰ ਕੇ ਵੇਚਣ ਵਾਲੇ ਕਰੋੜਪਤੀ ਵਪਾਰੀਆਂ ਤੇ ਕਾਰਖਾਨੇਦਾਰਾਂ ਦੇ ਸਦੀਆਂ ਬੱਧੀ ਸੁਆਰਥ (vested interests) ਇਸ ਦੀ ਉਪਜ ਤੇ ਵਪਾਰ ਆਦਿ ਵਿਚ ਲਿਪਟੇ ਹੋਏ ਨਾ ਹੁੰਦੇ ਤਾਂ ਇਸ ਦੀ ਉਪਜ ਤੇ ਵਰਤੋਂ ਕਈ ਪੱਛਮੀ ਦੇਸ਼ਾਂ ਵਿਚ ਤਾਂ ਕਦੋਂ ਦੀ, ਕਾਨੂੰਨੀ ਤੌਰ ਤੇ, ਰੋਕ ਦਿੱਤੀ ਗਈ ਹੁੰਦੀ। ਪੂਰਬੀ ਦੇਸਾਂ ਵਿਚ ਵੀ ਇਸ ਦੇ ਮਾਰੂ ਨੁਕਸਾਨਾਂ ਦੀ ਸੋਝੀ ਹੁਣ ਦਿਨੋਂ ਦਿਨ ਵਧ ਰਹੀ ਹੈ ਅਤੇ ਇਨ੍ਹਾਂ ਦੀਆਂ ਸਰਕਾਰਾਂ ਨੇ ਇਸ ਨੂੰ ਆਪਣੇ ਦਫ਼ਤਰਾਂ ਤੇ ਹੋਰ ਸਰਕਾਰੀ ਸੰਸਥਾਵਾਂ ਵਿਚੋਂ ਤਾਂ ਦਰ-ਬਦਰ ਕਰਨਾ ਆਰੰਭ ਦਿੱਤਾ ਹੈ, ਅਤੇ ਲੋਕਾਂ ਨੂੰ ਇਸ ਦੇ ਘਾਤਕ ਅਸਰਾਂ ਤੇ ਨਤੀਜਿਆਂ ਤੋਂ ਵੀ ਸੁਚੇਤ ਕੀਤਾ ਜਾ ਰਿਹਾ ਹੈ। ਸਾਡੇ ਆਪਣੇ ਦੇਸ ਦੇ ਸਿਹਤ ਮੰਤਰੀ ਨੇ ਅਜੇ ਤਿੰਨ ਕੁ ਮਹੀਨੇ ਪਹਿਲਾਂ (12 ਜੂਨ, 1998 ਨੂੰ) ਹੀ ਰਾਜ ਸਭਾ ਵਿਚ ਇਸ ਗੱਲ ਦਾ ਏਲਾਨ ਕੀਤਾ ਹੈ ਕਿ ਸਾਰੇ ਭਾਰਤ ਵਿਚੋਂ ਇਸ ਦੀ ਵਰਤੋਂ ਘਟਾਉਣ ਬਾਰੇ ਇਕ ਵਿਸ਼ੇਸ਼ ਤੇ ਸਵਿਸਥਾਰ ਕਾਨੂੰਨ ਜਾਰੀ ਕਰਨ ਲਈ ਸਬੰਧਿਤ ਬਿਲ ਛੇਤੀ ਹੀ ਪੇਸ਼ ਕੀਤਾ ਜਾਏਗਾ।[14]

ਪਰ ਵਾਰੇ ਵਾਰੇ ਜਾਈਏ ਗੁਰੂ ਗੋਬਿੰਦ ਸਿੰਘ ਜੀ ਤੋਂ ਜਿਨ੍ਹਾਂ ਨੇ ਮਨੁੱਖਤਾ ਦੀ ਭਲਾਈ ਹਿਤ ਇਸ ਦੇ ਦਰਪੇਸ਼ ਅਜਿਹੀਆਂ ਖਤਰਨਾਕ ਵਸਤਾਂ ਤੇ ਹਰਕਤਾਂ ਦਾ ਕੇਵਲ ਗਿਆਨ ਤੇ ਅਹਿਸਾਸ ਹੀ ਨਹੀਂ ਕਰਾਇਆ, ਸਗੋਂ ਉਨ੍ਹਾਂ ਦਾ ਅਜਿਹਾ ਪੱਕਾ-ਪੀਢਾ ਤੇ ਸਥਾਈ ਇਲਾਜ ਵੀ ਅਜ ਤੋਂ ਤਿੰਨ ਸਦੀਆਂ ਪਹਿਲਾਂ ਹੀ ਦਸ ਕੇ, ਬਿਨਾਂ ਕੋਈ ਬਿਲ ਵਗੈਰਾ ਪੇਸ਼ ਕਰਨ / ਕਰਾਉਣ ਤੇ ਕਾਨੂੰਨ ਬਣਾਉਣ ਦੇ, ਆਪਣੀ ਉੱਮਤ ਉਤੇ ਲਾਗੂ ਵੀ ਕਰ ਕੇ ਸਮੂਹ ਮਨੁਖਤਾ ਲਈ ਕੌਮੀ ਉਸਰੱਈਏ ਤੇ ਰਾਹ-ਦਸੇਰੇ ਵਾਲਾ ਫ਼ਰਜ਼ ਵੀ ਆਪੇ ਇਉਂ ਅਦਾ ਕਰ ਦਿੱਤਾ ਸੀ।

ਇਸ ਲਈ, ਇੱਕੀਵੀਂ ਸਦੀ ਵਿਚ ਵਿਚਰਨ ਵਾਲੇ ਖਾਲਸੇ ਦਾ ਇਹ ਵੀ ਇਕ ਵਿਸ਼ੇਸ਼ ਕਰਤੱਵ ਅਥਵਾ ਫਰਜ਼ ਬਣਦਾ ਹੈ ਕਿ ਉਹ ਇਸ "ਜ਼ਹਿਰੇ ਕਾਤਲ' ਦੇ ਸ਼ਿਕਾਰ ਮਨੁੱਖ ਨੂੰ ਆਪਣੇ ਗੁਰੂ ਦੀ ਇਸ ਨੁਮਾਇਆਂ ਹਦਾਇਤ ਤੋਂ ਜਾਣੂੰ ਕਰਾ ਕੇ, ਇਸ ਤੋਂ ਖਹਿੜਾ ਛੁਡਾਉਣ ਲਈ ਅਜਿਹੀ ਭਰਪੂਰ ਪਰੇਰਨਾ ਪੈਦਾ ਕਰੇ ਜੋ ਉਨ੍ਹਾਂ ਨੂੰ ਅਜ ਤੋਂ ਤਿੰਨ ਸੌ ਵਰ੍ਹੇ ਪਹਿਲਾਂ ਖਾਲਸਈ ਸਰੂਪ ਤੇ ਸਪਿਰਿਟ ਬਖਸ਼ਦਿਆਂ ਹੀ ਉਨ੍ਹਾਂ ਨੇ ਉਦੋਂ ਦੇ ਦਿੱਤੀ ਸੀ ਜਦੋਂ ਕਿ ਸਮੂਹ ਮਨੁੱਖ ਜਾਤੀ ਨੂੰ ਇਸ ਦੇ ਨੁਕਸਾਨਾਂ ਦਾ ਸ਼ਾਇਦ ਚਿਤ-ਚੇਤਾ ਵੀ ਨਹੀਂ ਸੀ।

ਹਵਾਲੇ

1. Field, Dorthy (Ms.), *The Religion of the Sikhs*, London, 1914, p. 35.
2. Gandhi, Mahatma M.K., Young India.
3. ਬਚਿੱਤਰ ਨਾਟਕ, ਅਧਿਆਇ 5, ਛੰਦ 14.
4. ਗਿਆਨ ਸਿੰਘ, ਗਿਆਨੀ, ਗੁਰੂ ਪੰਥ ਪ੍ਰਕਾਸ਼, ਮਿਤੀ 1874; ਛੇਵੀਂ ਛਾਪ, ਅੰਮ੍ਰਿਤਸਰ - 1923, ਨਿਵਾਸ 26, ਪਦ 7, ਪੰਨਾ 199; ਗਿਆਨੀ ਕਿਰਪਾਲ ਸਿੰਘ ਵਲੋਂ ਸਟਿਪਿਤ ਤੇ ਸੰਪਾਦਿਤ ਛਾਪ, ਅੰਮ੍ਰਿਤਸਰ - 1973, ਭਾਗ ਤੀਜਾ ।
5. ਗੁਰੂ ਗੋਬਿੰਦ ਸਿੰਘ, ਫਤਿਹਨਾਮਾ ।
6. ਭਗਤ ਰਵਿਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਾਰੂ, ਪੰਨਾ 1106.
7. ਗੁਰੂ ਗੋਬਿੰਦ ਸਿੰਘ ਜੀ, ਫਤਿਹਨਾਮਾ ।
8. ਸ਼ਾਹ ਮੁਹੰਮਦ, ਸੱਯਦ, ਜੰਗਨਾਮਾ ਸਿੰਘਾਂ ਤੇ ਫਰੰਗੀਆਂ, ਵਡਾਲਾ, 1846, ਬੰਦ ਨੰਬਰ 90; ਸੰਪਾਦਿਤ ਵਲੋਂ ਪ੍ਰੋਫੈਸਰ ਸੀਤਾ ਰਾਮ ਕੋਹਲੀ ਤੇ ਪ੍ਰੋਫੈਸਰ ਸੇਵਾ ਸਿੰਘ ਗਿਆਨੀ, ਲੁਧਿਆਣਾ - 1956, ਪੰਨਾ 186-87.
9. Cunningham, Capt. J.D., A History of the Sikhs from the Origin of the Nation to the Battles of the Sutlej, London - 1849; reprint - 1985, pp. 75-76.
10. ਗੁਰੂ ਗੋਬਿੰਦ ਸਿੰਘ, 33 ਸਵੱਈਏ, ਸਵੱਈਆ ਨੰਬਰ 30.
11. ਅਕਾਲ ਉਸਤਤਿ, ਕਬਿੱਤ ਨੰ: 15/85.
12. ਅਕਾਲ ਉਸਤਤਿ, ਕਬਿੱਤ ਨੰ: 16/86.
13. ਸੈਨਾਪਤਿ, ਗੁਰ ਸੋਭਾ ਵਜ਼ੀਰਾਬਾਦ - 1711, ਧਿਆਉ ਪੰਜਵਾਂ, ਛੰਦ 30/146.
14. The Tribune, Chandigarh, dated 13 June, 1998, p. 8.

¤

Knowledge thy food,
Compassion thy steward,
Divinity in thee, the horn thou blow.
He the Lord, all strung on Him, thou know.
To work miracles is vain, an empty show.
One separated, another to union attains :
We receive only what He ordains.
Hail, Hail to Him, All-Hail;
The Primal Being, the Pure Light,
Sans Beginning, sans End, for ever alike. [29]

¤